# ਠੰਡੀਆਂ ਲਾਟਾਂ

ਮੇਵਾ ਸਿੰਘ ਗਿੱਲ

*ਪਹਿਲਾ ਐਡੀਸ਼ਨ – 1971*
*ਦੂਜਾ ਐਡੀਸ਼ਨ – 2005*
*ਤੀਜਾ ਸੋਧਿਆ ਹੋਇਆ ਐਡੀਸ਼ਨ–2006*

ਮੁੱਲ 100/–

*ਪ੍ਰਕਾਸ਼ਨ :*
**ਮੇਵਾ ਸਿੰਘ ਗਿੱਲ**
ਮੈਮੋਰੀਅਲ ਫ਼ਾਊਂਡੇਸ਼ਨ (ਰਜਿ.)

ਮੇਵਾ ਸਿੰਘ ਗਿੱਲ ਮੈਮੋਰੀਅਲ ਫ਼ਾਊਂਡੇਸ਼ਨ ਪ੍ਰਿੰ. ਪ੍ਰੇਮ ਸਿੰਘ ਬਜਾਜ ਦੀ ਆਭਾਰੀ ਹੈ ਕਿ ਉਨ੍ਹਾਂ ਨੇ ਬੇਹਦ ਕਾਬਲੀਅਤ ਅਤੇ ਮਿਹਨਤ ਨਾਲ ਪਹਿਲੇ ਐਡੀਸ਼ਨਾਂ ਵਿਚ ਛਪਾਈ ਦੀਆਂ ਤਰੁੱਟੀਆਂ ਨੂੰ ਖੋਜਿਆ ਤੇ ਸੋਧਿਆ ਹੈ।

*ਪ੍ਰਿੰਟਰ :* ਫ਼ਾਇਲ ਪ੍ਰਿੰਟਰਜ਼, ਲੁਧਿਆਣਾ । ਫ਼ੋਨ 2404979

## ਸਮਰਪਣ

ਦੁਨੀਆ ਦੀ ਦੌੜੋਂ ਪਛੜ ਗਏ ਪਾਂਧੀ ਨੂੰ

# ਸੂਚੀ


| | |
|---|---|
| ਮੁੱਖਬੰਦ | vii |
| ਪਰਲੋਕ–ਸਿਧਾਰੇ ਮਿੱਤਰ ਦੀ ਯਾਦ ਵਿਚ | xi |
| ਆਪਣੇ ਮਹਿਬੂਬ ਰਹਿਨੁਮਾ ਦੇ ਨਾਂ | xiii |
| ਆਜ਼ਾਦੀ | 1 |
| ਗੁਨਾਹ | 2 |
| ਮੰਜ਼ਲ ਆਉਣ ਵਾਲੀ ਹੈ | 3 |
| ਗ਼ਜ਼ਲਾਂ (੧–੨੭) | 7–34 |
| ਰੁਬਾਈ | 35 |
| ਯਾਦ | 36 |
| ਪੁਕਾਰ | 37 |
| ਮੈਂ ਕਿਰਸਾਨ ਪੰਜਾਬੀ ਹੋ | 39 |
| ਨੀਚੋਂ ਊਚ ਕਰੇ ਮੇਰਾ ਗੋਬਿੰਦ | 42 |
| ਖੋਜਣ | 52 |
| ਬੰਗਲਾ ਦੇਸ਼ | 59 |
| ਮਿੱਤਰ ਪਿਆਰੇ ਨੂੰ | 63 |
| ਬਸ ਰਬਾਬੀ ਠਹਿਰ ਜਾ | 70 |
| ਸਦੀਵੀ ਸਿਹਰਾ | 74 |
| ਦੋ ਸਮਕਾਲੀ ਮਿੱਤਰਾਂ ਦੀ ਕਲਮ ਤੋਂ | 76 |

# ਮੁੱਖਬੰਦ

ਮੇਵਾ ਸਿੰਘ ਪੰਜਾਬੀ ਕਵਿਤਾ ਦੇ ਅਕਾਸ਼ ਤੇ ਉਭਰਿਆ ਇਕ ਨਵਾਂ ਸਿਤਾਰਾ ਹੈ। ਜੋ ਕਿੱਤਾ ਉਹ ਕਰਨ ਉਤੇ ਮਜਬੂਰ ਹੈ, ਵਕਾਲਤ ਹੈ, ਜੋ ਕਿੱਤਾ ਉਹ ਕਰਨ ਦਾ ਚਾਅ ਰਖਦਾ ਹੈ, ਕਵਿਤਾ ਹੈ। ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਜੀਵਨ ਦੀਆਂ ਜ਼ਿੰਮੇਂਵਾਰੀਆਂ ਤੇ ਉਲਝਣਾਂ ਵਿਚੋਂ ਖੋਹੇ ਉਹ ਕੁਝ ਸੰਘਣੇ ਤੇ ਸਜਿੰਦ ਕੀਮਤੀ ਪਲ ਹਨ, ਜਿਨ੍ਹਾਂ ਨੂੰ ਉਹ ਕਲਾ ਦਾ ਰੂਪ ਦੇ ਸਕਿਆ ਹੈ।

ਇਸ ਸੰਗ੍ਰਹਿ ਵਿਚ ਉਸ ਨੇ ਕਵਿਤਾ ਦੇ ਕਈ ਰੂਪਾਂ ਦੇ ਤਜਰਬੇ ਕੀਤੇ ਹਨ, ਜਿਵੇਂ ਕਵਿਤਾਵਾਂ, ਰੁਬਾਈਆਂ, ਗੀਤ ਤੇ ਗ਼ਜ਼ਲਾਂ। ਇਹ ਸਭ ਚੀਜ਼ਾਂ ਆਪੋ ਆਪਣੀ ਥਾਂ ਚੰਗੀਆਂ ਹਨ। ਕਵਿਤਾਵਾਂ ਕੋਈ ਬਹੁਤੀਆਂ ਨਹੀਂ, ਫਿਰ ਵੀ ਇਨ੍ਹਾਂ ਤੋਂ ਕਵੀ ਦੇ ਵਿਚਾਰਾਂ ਤੇ ਝੁਕਾਵਾਂ ਦੀ ਝਲਕ ਨਜ਼ਰ ਆ ਜਾਂਦੀ ਹੈ। ਉਹ ਲੋਕ-ਹਿਤੈਸ਼ੀ ਤੇ ਸਾਮਰਾਜ-ਵਿਰੋਧੀ ਹੈ-ਭਾਵੇਂ ਇਹ ਸਾਮਰਾਜ ਮੁਗ਼ਲਾਂ ਦਾ ਹੋਵੇ ਜਿਸ ਨੇ ਗੁਰੂ ਗੋਬਿੰਦ ਸਿੰਘ ਦੇ ਲਾਲਾਂ ਨੂੰ ਸਰਹੰਦ ਦੀਆਂ ਕੰਧਾਂ ਵਿਚ ਚਿਣਿਆ ਸੀ, ਜਾਂ ਅੱਜ ਕਲ੍ਹ ਦਾ ਸਾਮਰਾਜ ਜੋ ਬੰਗਾਲ ਦੇ ਕਾਲ ਅਤੇ ਲੱਖਾਂ ਲੋਕਾਂ ਨੂੰ ਭੁੱਖ ਨਾਲ ਤੜਪ ਤੜਪ ਕੇ ਮਰਦਾ ਦੇਖਣ ਦੇ ਬਾਵਜੂਦ, ਲੱਖਾਂ ਮਣ ਵਾਧੂ ਅਨਾਜ ਨੂੰ ਜਲਾ ਸਾੜ ਕੇ ਸੁਆਹ ਕਰ ਸਕਦਾ ਹੈ, ਜਾਂ ਫਿਰ ਸਮੁੰਦਰ ਭੇਟ ਕਰ ਸਕਦਾ ਹੈ। ਕਵੀ ਦਾ ਪ੍ਰਗਤੀਵਾਦ ਇਤਿਹਾਸਕ ਗਹਿਰਾਈ ਵਾਲਾ ਹੈ ਜੋ ਗੁਰੂ ਗੋਬਿੰਦ ਸਿੰਘ ਦੇ ਜ਼ੁਲਮ ਵਿਰੋਧੀ ਸੰਘਰਸ਼ ਤੋਂ ਅਜੋਕੇ ਜਨਤਕ ਸੰਘਰਸ਼ ਤੀਕ ਵਿਚਰਦਾ ਨਜ਼ਰ ਆਉਂਦਾ ਹੈ। ਕਿਧਰੇ ਕਿਧਰੇ ਕਵੀ ਦਾ ਬਿਆਨ ਬੜੀ ਬਲਵਾਨ ਤੇ ਸੰਘਣੀ ਸ਼ਕਲ ਧਾਰਨ ਕਰ ਲੈਂਦਾ ਹੈ ਜਿਵੇਂ "ਬਸ ਰਬਾਬੀ ਠਹਿਰ ਜਾ" ਨਾਮੀ ਕਵਿਤਾ ਵਿੱਚ :-

ਨਾ ਸੁਣਾ ਵੇ ਰਾਗੀਆ ਨਾ ਫੇਰ ਨਸ਼ਤਰ ਨਾ ਸੁਣਾ,
ਦਿਲ ਮੇਰਾ ਮਜ਼ਬੂਤ ਨਹੀਂ ਇਤਿਹਾਸ ਦੇ ਪੰਨੇ ਜਿਹਾ।

"ਮਿੱਤਰ ਪਿਆਰੇ ਨੂੰ" ਅਤੇ "ਮੰਜ਼ਲ ਆਉਣ ਵਾਲੀ ਹੈ" ਦੋਹਾਂ ਕਵਿਤਾਵਾਂ ਦਾ ਰੰਗ ਵੀ ਇਹੋ ਹੈ। ਪਹਿਲੀ ਕਵਿਤਾ ਭੂਤ-ਮੁਖੀ ਹੈ,



ਦੂਜੀ-ਭਵਿਸ਼ ਮੁਖੀ, ਜਿਸ ਵਿਚ ਮਨੁੱਖ ਦੇ ਉਜਲੇ ਭਵਿੱਖ ਦੀ ਆਸ ਬੰਨ੍ਹਾਈ ਗਈ ਹੈ।

ਰੁਬਾਈਆਂ ਮੈਨੂੰ ਬਹੁਤੀਆਂ ਸਫਲ ਨਹੀਂ ਲੱਗੀਆਂ। ਇਨ੍ਹਾਂ ਵਿਚ ਨਾ ਪੁਰਾਣੇ ਦੋਹੜੇ ਲਿਖਣ ਵਾਲਿਆਂ ਵਾਲੀ ਵੀਣਕਤਾ ਹੈ ਅਤੇ ਨਾ ਫ਼ਾਰਸੀ ਦੀਆਂ ਰੁਬਾਈਆਂ ਲਿਖਣ ਵਾਲਿਆਂ ਵਰਗੀ ਪੁਖ਼ਤਗੀ ਹੈ। ਗੀਤ ਜ਼ਰੂਰ ਚੰਗੇ ਹਨ ਜਿੰਨ੍ਹਾਂ ਵਿਚੋਂ "ਮੈਂ ਕਿਰਸਾਨ ਪੰਜਾਬੀ ਹੋ" ਗੀਤ ਦੇਸ਼ ਭਗਤੀ ਦੇ ਜਜ਼ਬੇ ਨਾਲ ਧੜਕਦਾ ਸੁਣੀਂਦਾ ਹੈ :-

ਖੇਤੀ ਬਾੜੀ ਜੀਵਨ ਮੇਰਾ ਮੈਂ ਕਿਰਸਾਣ ਪੰਜਾਬੀ ਹੋ,
ਇਸ ਧਰਤੀ ਨਾਲ ਨਾਤਾ ਮੇਰਾ ਜਿਉਂ ਦੇਵਰ ਤੇ ਭਾਬੀ ਹੋ।
ਏਹੋ ਝੰਗ ਸਿਆਲ ਹੈ ਮੇਰਾ ਏਹੋ ਤਖ਼ਤ ਹਜ਼ਾਰਾ ਹੋ,
ਧੁਰ ਅਜ਼ਲਾਂ ਤੋਂ ਇਸ ਮਿੱਟੀ ਦਾ ਮੈਂ ਬਣਿਆ ਵਣਜਾਰਾ ਹੋ ।
ਘੁੰਮ ਘੁੰਮ ਖੇਤੀਂ ਲੇਖ ਮੇਰੇ ਦੀਆਂ ਰੇਖਾਂ ਖਿਚਦਾ ਨਾਰਾ ਹੋ,
ਢਾਬ ਕਿਨਾਰੇ ਢਾਰਾ ਮੇਰਾ ਭੁਲਦਾ ਬਲਖ਼ ਬੁਖ਼ਾਰਾ ਹੋ ।

ਪਰ ਉੱਤੇ ਦੱਸੇ ਗਏ ਕਾਵਿ-ਰੂਪਾਂ ਨੂੰ ਤਜਰਬੇ ਕਹਿਣਾ ਹੀ ਢੁਕਦਾ ਹੈ। ਕਵਿਤਾ ਦੇ ਜਿਸ ਰੂਪ ਵਿਚ ਕਵੀ ਨੇ ਪ੍ਰਾਪਤੀ ਕੀਤੀ ਹੈ, ਉਹ ਗ਼ਜ਼ਲ ਹੈ । ਫ਼ਾਰਸੀ ਤੇ ਉਰਦੂ ਦੇ ਕਵੀਆਂ ਨੇ ਗ਼ਜ਼ਲ ਦਾ ਮੂੰਹ ਮੱਥਾ ਸੰਵਾਰਨ ਉਤੇ ਹੀ ਸਦੀਆਂ ਲਾ ਦਿਤੀਆਂ ਹਨ। ਸਗੋਂ ਵਸਤੂ ਦੇ ਪੱਖ ਤੋਂ ਵੀ ਇਸ ਦੇ ਖੇਤਰ ਨੂੰ ਕਾਫ਼ੀ ਵਿਸ਼ਾਲ ਕੀਤਾ ਗਿਆ ਹੈ ਜਿਸ ਦੇ ਫਲ ਰੂਪ ਸਾਰਾ ਜੀਵਨ ਹੀ ਗ਼ਜ਼ਲ ਦਾ ਖੇਤਰ ਬਣ ਗਿਆ ਹੈ। ਹੁਸਨ ਇਸ਼ਕ ਦੀਆਂ ਗੱਲਾਂ ਤੋਂ ਲੈ ਕੇ ਸਦਾਚਾਰ, ਸਮਾਜਕ ਤੇ ਆਰਥਕ ਸਮੱਸਿਆਵਾਂ, ਮਨੋ-ਵਿਗਿਆਨਕ ਗੁੰਝਲਾਂ, ਰਿੰਦੀ, ਰਾਜਨੀਤੀ, ਦਰਸ਼ਨ ਆਦਿ ਤਕ ਸਭ ਕੁਝ ਗ਼ਜ਼ਲ ਦੀ ਲਪੇਟ ਵਿਚ ਆ ਗਿਆ ਹੈ । ਮੇਵਾ ਸਿੰਘ ਨੇ ਵੀ ਆਪਣੀਆਂ ਗ਼ਜ਼ਲਾਂ ਵਿਚ ਕੁਝ ਦਾਰਸ਼ਨਿਕ ਨੁਕਤੇ ਪੇਸ਼ ਕੀਤੇ ਹਨ ਜਿਵੇਂ :

ਜੀਣਾ ਖ਼ੁਦਾ ਦੇ ਰਹਿਮ ਤੇ,
ਹੈ ਉਮਰ ਭਰ ਦਾ ਰੋਗ,
ਮਰਨਾ ਵੀ ਸ਼ੈਦ ਹੈ ਸਜ਼ਾ
ਏਸੇ ਕਸੂਰ ਦੀ ।

ਇਸ ਪਿਆਰ ਦੇ ਭੁਲਿਆਂ ਰਾਹਾਂ ਤੇ
ਐਸਾ ਵੀ ਸਮਾਂ ਇਕ ਆਉਂਦਾ ਹੈ,
ਜਦ ਤਾਲ ਤੋਂ ਉਖੜੇ ਕਦਮਾਂ ਨੂੰ
ਠੇਡੇ ਵੀ ਸਹਾਰੇ ਹੁੰਦੇ ਨੇ ।

ਉਸ ਨੇ ਕਿਤੇ ਕਿਤੇ ਤਨਜ਼ ਦੇ ਹਥਿਆਰ ਨੂੰ ਵੀ ਵਰਤਿਆ ਹੈ ਜੋ ਆਧੁਨਿਕ ਉਰਦੂ ਦੀ ਜਾਨ ਹੈ । ਇਕੋ ਨਮੂਨਾ ਕਾਫ਼ੀ ਹੋਵੇਗਾ :–

ਪੀਣੋ ਨਹੀਂ ਸੰਕੋਚ ਹੈ
ਕੋਈ ਵੀ ਸ਼ੇਖ਼ ਨੂੰ
ਪਰ ਸ਼ਰਤ ਜਾਮ ਨਾਲ ਹੈ
ਇਕ ਸਿਰਫ਼ ਹੂਰ ਦੀ ।

ਪਰ ਬਹੁਤ ਕਰਕੇ ਉਸ ਨੇ ਗ਼ਜ਼ਲ ਨੂੰ ਆਪਣੇ ਮੂਲ ਅਰਥਾਂ ਵਿਚ ਹੀ ਵਰਤਿਆ ਹੈ ਅਤੇ ਏਸੇ ਖੇਤਰ ਵਿਚ ਉਸਦੀ ਪ੍ਰਾਪਤੀ ਕਾਬਲੇ–ਤਾਰੀਫ਼ ਹੈ । ਗ਼ਜ਼ਲ ਅਰਬੀ ਬੋਲੀ ਦਾ ਸ਼ਬਦ ਹੈ । ਇਸਦੇ ਮੂਲ ਅਰਥ ਹਨ ਜਵਾਨ ਤੀਵੀਂ ਦੇ ਕੰਨ ਵਿਚ ਗਲ ਕਰਨੀ, ਭਾਵ ਹੁਸਨ, ਇਸ਼ਕ ਦੀਆਂ ਗੱਲਾਂ ਅਤੇ ਇਸ਼ਕ ਰਾਹੀਂ ਪੈਦਾ ਹੋਏ *ਮਨੋਵੇਗਾਂ* ਦਾ ਵਰਨਣ ਕਰਨਾ, ਜਿਨ੍ਹਾਂ ਨੂੰ ਫ਼ਾਰਸੀ ਵਾਲੇ ਵਾਰਦਾਤੇ–ਕਲਬੀ ਕਹਿੰਦੇ ਹਨ। ਇਸ ਖੇਤਰ ਵਿਚ ਮੇਵਾ ਸਿੰਘ ਦੀ ਕਾਵਿ–ਕਲਾ ਵਾਹ ਵਾਹ ਨਿਖਰੀ ਹੈ । ਕਈ ਤਾਂ ਲਤਾਫ਼ਤੇ–ਬਿਆਨ ਦਾ ਅਤੀ ਉੱਤਮ ਨਮੂਨਾ ਹਨ । ਕੁਝ ਨਮੂਨੇ ਦੇਖੋ :–

i ਦਮ ਰੁਕ ਗਏ ਨੇ ਵਕਤ ਦੇ
ਹੋਣੀ ਨੂੰ ਦੇਖ ਕੇ
ਹੈ ਸ਼ੈਦ ਉਠ ਰਹੀ ਨਿਗਾਹ
ਗਿਰ ਕੇ ਹਜ਼ੂਰ ਦੀ ।

ii ਮੰਜ਼ਲ ਤਾਂ ਮੇਰੇ ਕਦਮਾਂ ਵਿਚ ਸੀ
ਹਿੰਮਤ ਪਰ ਦਿਲ ਦੀ ਹਾਰ ਗਈ,
ਦੋ ਕਦਮ ਉਰੇ ਵੀ ਮੰਜ਼ਲ ਤੋਂ
ਜਦ ਤੇਰੀ ਕਲਾਈ ਮਿਲ ਨਾ ਸਕੀ ।



iii ਆਪਣੀ ਹੀ ਕਥਾ ਨਿਕਲੀ
ਜਦੋਂ ਤੇਰੀ ਕਹਾਣੀ
ਐ ਰੂਪ ਬਹੁਤ ਤਰਸ
ਤੇਰੇ ਹਾਲ ਤੇ ਆਇਆ ।

iv ਐ ਦਰਦ ਤੇਰੇ ਬਾਅਦ ਜ਼ਰਾ
ਚੈਨ ਤਾਂ ਆਇਆ
ਪਰ ਦਰਦ ਗੰਵਾ ਕੇ ਮੈਂ
ਬੜਾ ਚੈਨ ਗਵਾਇਆ ।

v ਜਿਸ ਰਾਹ ਤੇ ਤੇਰੇ ਪੈਰ ਦੀ,
ਇਕ ਛਣਕ ਪਈ ਸੀ
ਬਰਸਾਂ ਤੋਂ ਮੇਰੇ ਨੈਣ
ਉਹ ਰਾਹ ਦੇਖ ਰਹੇ ਨੇ ।

vi ਜਿਸ ਥਾਂ ਤੇ ਤੇਰੇ
ਨੈਣਾਂ ਚੋਂ ਮੁਸਕਾਣ ਖਿੰਡੀ ਸੀ
ਮੁੜ ਮੁੜ ਕੇ ਸਮਾਂ ਉਥੇ
ਕਈ ਵਾਰ ਗਿਆ ਹੈ ।

viii ਨਿਗਾਹੋ ਜਾਮ ਦੀ ਭਿਛਿਆ
ਜ਼ਰਾ ਉਠ ਕੇ ਹੀ ਪਾ ਦੇਣਾ,
ਕਿ ਥੋੜੀ ਮੇਹਰ ਤੋਂ ਮੇਰਾ
ਜ਼ਰਾ ਕਾਸਾ ਉਚੇਰਾ ਹੈ ।

ਮੈਨੂੰ ਮੇਵਾ ਸਿੰਘ ਤੋਂ ਵੱਡੀਆਂ ਆਸਾਂ ਹਨ ਕਿਉਂਕਿ ਉਸ ਦਾ ਮਨ ਇਕ ਕਵੀ ਦਾ ਮਨ ਹੈ, ਪਰ ਨੌਜਵਾਨ ਕਵੀ ਨੂੰ ਇਹ ਨਹੀਂ ਭੁਲੱਣਾ ਚਾਹੀਦਾ ਕਿ ਕਵਿਤਾ ਨਿਰਾ *ਆਵੇਸ਼* ਹੀ ਨਹੀਂ, ਇਕ ਕਲਾ ਵੀ ਹੈ । ਅਜੇ ਤੀਕ ਕਵੀ ਨੇ ਕਲਾ ਪੱਖ ਵਲ ਯੋਗ ਧਿਆਨ ਨਹੀਂ ਦਿੱਤਾ ਜਿਸ ਕਾਰਨ ਕਈ ਥਾਵਾਂ ਉਤੇ ਵਜ਼ਨ ਦੀਆਂ ਤਰੁੱਟੀਆਂ ਰਹਿ ਗਈਆਂ ਹਨ ।

**ਮੋਹਨ ਸਿੰਘ**
ਪ੍ਰੋਫ਼ੈਸਰ ਅਮੈਰਿਟਸ (ਭਾਸ਼ਾ)
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ,
ਲੁਧਿਆਣਾ।

ਫ਼ਰਵਰੀ 1971

# ਪਰਲੋਕ–ਸਿਧਾਰੇ ਮਿੱਤਰ ਦੀ ਯਾਦ ਵਿਚ

ਮੇਵਾ ਸਿੰਘ ਗਿੱਲ ਮੇਰਾ ਬਚਪਨ ਦਾ ਸਾਥੀ ਨਹੀਂ ਸੀ । ਸਾਡੀ ਵਾਕਫ਼ੀਅਤ ਵਕੀਲ ਭਾਈਚਾਰੇ ਦੇ ਨਾਤੇ ਅੱਜ ਤੋਂ ਕੋਈ 50 ਸਾਲ ਪਹਿਲਾਂ ਹੋਈ। ਸਾਧਾਰਨ ਜਾਣਕਾਰੀ ਹੌਲੀ–ਹੌਲੀ ਪਛਾਣ, ਡੂੰਘੀ ਪਹਿਚਾਣ ਅਤੇ ਨਿੱਘੀ ਦੋਸਤੀ ਵਿਚ ਬਦਲ ਗਈ । ਵਕਾਲਤ ਦੇ ਨਾਲ ਨਾਲ ਸਾਡੇ ਦੋਹਾਂ ਦੀ ਰੁਚੀ ਸਮਾਜ–ਸੁਧਾਰ ਅਤੇ ਸਿੱਖਿਆ–ਵਿਸਥਾਰ ਵਲ ਵੀ ਸੀ, ਜਿਸ ਕਾਰਨ ਅਸੀਂ ਇਕ ਦੂਜੇ ਦੇ ਵਿਚਾਰਾਂ ਦੀ ਬਹੁਤ ਕਦਰ ਕਰਦੇ ਸੀ ।

ਮੇਵਾ ਸਿੰਘ ਦੀ ਸ਼ਖ਼ਸ਼ੀਅਤ ਬਹੁ–ਪੱਖੀ ਸੀ । ਭਾਵੇਂ ਵਕਾਲਤ ਉਸ ਦਾ ਦੁਨਿਆਵੀ ਪ੍ਰੋਫ਼ੈਸ਼ਨ ਸੀ ਪਰ ਕਵਿਤਾ ਅਤੇ ਸੰਗੀਤ ਆਦਿ ਕੋਮਲ–ਕਲਾਵਾਂ ਵਲ ਉਸਦਾ ਕੁਦਰਤੀ ਰੁਝਾਨ, ਉਸਦੀ ਗਲ ਬਾਤ, ਸੋਚ ਸਮਝ ਤੇ ਨਿੱਜੀ ਕਾਰੋਬਾਰ ਤੋਂ ਵੀ ਝਲਕਾਂ ਮਾਰਦਾ ਸੀ । ਇਕ ਕਾਮਯਾਬ ਵਕੀਲ ਹੋਣ ਦੇ ਬਾਵਜੂਦ ਵੀ ਉਸ ਦਾ ਜੀਵਨ–ਢੰਗ ਦਰਵੇਸ਼ਾਂ ਤੇ ਸੂਫ਼ੀਆਂ ਵਰਗਾ ਸੀ। ਇਸੇ ਕਾਰਨ ਕਵੀ ਦੇ ਤੌਰ ਤੇ ਉਸਨੇ ਆਪਣੀ ਕਲਮੀ ਪਹਿਚਾਣ 'ਯੋਗੀ' ਮਿੱਥੀ ਸੀ । ਭਾਵੇਂ ਉਹ ਲੋਕ ਸਭਾ ਦਾ ਮੈਂਬਰ ਥੋੜ੍ਹੇ ਹੀ ਸਮੇਂ ਲਈ ਰਿਹਾ, ਉਹ ਵੀ ਵਿਰੋਧੀ ਧੜੇ ਦੇ ਪ੍ਰਤੀਨਿਧ ਦੇ ਤੌਰ ਤੇ, ਪਰ ਇਤਿਹਾਸਕ ਤੱਤਾਂ ਤੇ ਨਿਰਭਰ ਤੇ ਜੀਵਨ–ਧਾਰਾ ਦੇ ਮੂਲ ਵਿਸ਼ਿਆਂ ਨਾਲ ਅੱਖੀਂ ਦੇਖੀ ਜਾਣਕਾਰੀ ਕਾਰਨ ਉਸਦੇ ਭਾਸ਼ਨ ਸਰਕਾਰੀ ਬੈਂਚ ਧਿਆਨ ਨਾਲ ਸੁਣਦੇ ਸਨ ਤੇ ਉਹਨਾਂ ਦੀ ਕਦਰ ਕਰਦੇ ਸਨ। ਉਹ ਇੱਕ ਦੂਰਦਰਸ਼ੀ ਵਿਦਿਅਕ ਪ੍ਰਬੰਧਕ ਵੀ ਸੀ । ਗੁਰੂ ਨਾਨਕ ਇੰਜਨੀਅਰਿੰਗ ਕਾਲਿਜ ਲੁਧਿਆਣਾ ਦੀ ਸਥਾਪਨਾ ਤੇ ਇਸਦੇ ਪ੍ਰਬੰਧ ਨਾਲ ਉਸਦੇ ਦੋ ਦਹਾਕਿਆਂ ਦਾ ਸੰਬੰਧ, ਪੇਂਡੂ ਜੀਵਨ ਦੀ ਸਮਾਜਿਕ ਅਤੇ ਆਰਥਿਕ ਨਵ–ਉਸਾਰੀ ਨੂੰ ਉਸਦੀ ਸ਼ਲਾਘਾ–ਯੋਗ ਦੇਣ ਹੈ ।



ਜੂਨ 2002 ਵਿਚ ਉਸ ਦੇ ਪਰਲੋਕ ਸਿਧਾਰਨ ਤੇ ਉਸਦੇ ਮਿੱਤਰਾਂ ਸਾਥੀਆਂ ਅਤੇ ਕਦਰਦਾਨਾਂ ਨੇ ਉਸਦੀ ਯਾਦ ਨੂੰ ਸਦੀਵੀ ਰੂਪ ਦੇਣ ਲਈ ਮੇਵਾ ਸਿੰਘ ਗਿੱਲ ਮੈਮੋਰੀਅਲ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਜੋ ਕਿ ਰਜਿਸਟਰਡ ਸੰਸਥਾ ਹੈ । 2003–04 ਵਿਦਿਅਕ ਸਾਲ ਤੋਂ ਗੁਰੂ ਨਾਨਕ ਇੰਜ. ਕਾਲਜ ਲੁਧਿਆਣਾ ਵਿਖੇ ਆਰਥਕ ਤੌਰ ਤੇ ਲੋੜਵੰਦ ਵਿਦਿਆਰਥੀਆਂ ਲਈ 500/– ਰੁਪਏ ਪ੍ਰਤੀ ਮਹੀਨਾ ਦੇ ਚਾਰ ਯਾਦਗਾਰੀ ਵਜ਼ੀਫ਼ੇ ਜਾਰੀ ਕੀਤੇ ਗਏ ਹਨ।

ਮੇਵਾ ਸਿੰਘ ਗਿੱਲ ਦੀਆਂ ਪੰਜਾਬੀ ਕਵਿਤਾਵਾਂ ਦੀ ਸੰਖੇਪ ਪੁਸਤਕ 'ਠੰਡੀਆਂ ਲਾਟਾਂ' 1971 ਵਿਚ ਛਪੀ ਸੀ, ਜਿਸ ਦਾ ਮੁੱਖਬੰਦ ਪੰਜਾਬੀ ਦੇ ਪ੍ਰਸਿੱਧ ਕਵੀ ਪ੍ਰੋ: ਮੋਹਨ ਸਿੰਘ ਨੇ ਲਿਖਿਆ ਸੀ, ਜਿਹੜਾ ਕਿ ਮੇਵਾ ਸਿੰਘ ਗਿੱਲ ਦੀ ਸ਼ਾਇਰਾਨਾ 'ਪ੍ਰਵਾਜ਼', ਭਾਸ਼ਾ ਦੀ ਮਿਠਾਸ ਤੇ ਬਿਆਨ ਦੀ ਖਿੱਚ ਦਾ ਨਾ ਕੇਵਲ ਵਿਦਿਅਕ ਮੁਲਾਂਕਣ ਹੈ ਸਗੋਂ ਉਸ ਦੇ ਗੁਣਾਂ ਦੀ ਢੁਕਵੀਂ ਪਹਿਚਾਨ ਵੀ । ਮੇਵਾ ਸਿੰਘ ਗਿੱਲ ਮੈਮੋਰੀਅਲ ਫ਼ਾਊਂਡੇਸ਼ਨ ਨੇ ਇਸ ਕਿਤਾਬ ਨੂੰ ਵਿਦਿਅਕ ਸੰਸਥਾਵਾਂ, ਲਿਖਾਰੀਆਂ ਤੇ ਆਮ ਲੋਕਾਂ ਤਕ ਪਹੁੰਚਾਉਣ ਲਈ ਇਸਨੂੰ ਦੋਬਾਰਾ ਛਪਵਾਉਣ ਦਾ ਹੰਭਲਾ ਪਿਛਲੇ ਸਾਲ 2005 ਵਿਚ ਮਾਰਿਆ ਸੀ। ਕੁੱਝ ਸੋਧਾਂ ਬਾਅਦ ਇਸ ਦਾ ਤੀਜਾ ਐਡੀਸ਼ਨ ਛਾਪਿਆ ਹੈ। ਇਹ ਵੀ ਵਿਚਾਰ ਅਧੀਨ ਹੈ ਕਿ ਇਸ ਨੂੰ ਸ਼ਾਹਮੁਖੀ ਲਿੱਪੀ ਵਿਚ ਵੀ ਛਾਪਿਆ ਜਾਵੇ। ਸਾਡਾ ਯਤਨ ਹੈ ਕਿ ਇਹ ਪੁਸਤਕ ਦੇਸ਼–ਵਿਦੇਸ਼ ਵਿਚ ਪੰਜਾਬੀ ਸਾਹਿਤ ਦੇ ਕਦਰਦਾਨਾਂ ਤਕ ਪਹੁੰਚਾਈ ਜਾਵੇ ।

ਡਾਰੋਂ ਵਿਛੜੇ ਮਿੱਤਰ ਦੀ ਯਾਦ ਨੂੰ ਸਦੀਵੀ ਰੂਪ ਦੇਣ ਲਈ ਸਾਡੇ ਅਜਿਹੇ ਜਤਨ ਜਾਰੀ ਰਹਿਣਗੇ ।

ਗੁਰਦੀਸ਼ ਸਿੰਘ ਗਰੇਵਾਲ, ਐਡਵੋਕੇਟ,
ਪ੍ਰਧਾਨ, ਮੇਵਾ ਸਿੰਘ ਗਿੱਲ
ਅਕਤੂਬਰ 2006 ਮੈਮੋਰੀਅਲ ਫਾਊਂਡੇਸ਼ਨ, ਲੁਧਿਆਣਾ

# ਆਪਣੇ ਮਹਿਬੂਬ ਰਹਿਨੁਮਾ ਦੇ ਨਾਂ

ਕਦੇ ਇੱਕ ਸੁਪਨਾ ਜਾਪਣ ਵਾਲੀ ਮੇਰੀ ਸੋਚ ਅੱਜ ਹਕੀਕਤ ਦੇ ਜਾਮੇ ਵਿੱਚ ਸੋਚਾਂ ਤੋਂ ਵੀ ਪਰੇ ਦੀ ਇਕ ਸੱਚਾਈ ਬਣ ਖੜ੍ਹੋਤੀ ਹੈ ।

ਸ੍ਰ. ਮੇਵਾ ਸਿੰਘ ਗਿੱਲ ਨਾਲ ਇੱਕ ਸ਼ਾਗਿਰਦ ਵਜੋਂ ਗੁਜ਼ਾਰੇ ਤਿੰਨ ਕੁ ਸਾਲ, ਮੇਰੇ ਲਈ ਜ਼ਿੰਦਗੀ ਭਰ ਦੀ ਪੂੰਜੀ ਹੋ ਨਿਬੜੇ ਹਨ। ਉਨ੍ਹਾਂ ਦੀ ਜ਼ਿੰਦਗੀ ਅਤੇ ਜੀਵਨ-ਜਾਚ ਤੋਂ ਮੈਂ ਵੀ ਹੋਰਨਾਂ ਵਾਂਗ ਕਾਫ਼ੀ ਪ੍ਰਭਾਵਿਤ ਸਾਂ ਅਤੇ ਮੇਰੀ ਤਾਂਘ ਸੀ ਕਿ ਉਹ ਆਪਣੀ ਸਵੈ-ਜੀਵਨੀ ਲਿਖਣ। ਪਰ ਉਹ ਦਰਵੇਸ਼ ਬਜ਼ੁਰਗ ਇਸਨੂੰ ਹੱਸ ਕੇ ਟਾਲ ਜਾਂਦੇ । ਖ਼ੈਰ, ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਸਾਹਿਤ ਸਭਾਵਾਂ ਵਿਚ ਸ਼ਿਰਕਤ ਵਧਾ ਦਿੱਤੀ ਸੀ ਤੇ ਮੈਨੂੰ ਆਪਣੇ ਜੀਵਨ ਤੇ ਉਨ੍ਹਾਂ ਦੀ ਇੱਕ ਵੀਡਿਓ ਵੇਖਣ ਬਾਰੇ ਕਿਹਾ । ਇਕ ਇੱਛਾ ਉਨ੍ਹਾਂ ਦੀ ਹੋਰ ਵੀ ਸੀ ਕਿ ਉਹ ਆਪਣੀਆਂ ਗ਼ਜ਼ਲਾਂ ਤੇ ਗੀਤਾਂ ਦੀ ਐਲਬਮ ਤਿਆਰ ਕਰਵਾਉਣ । ਉਨ੍ਹਾਂ ਇਸ ਬਾਰੇ ਮੈਨੂੰ ਵੀ ਕਿਹਾ ਕਿ ਗਰਮੀ ਦੀਆਂ ਛੁੱਟੀਆਂ ਵਿਚ ਉਹ ਤਰਜ਼ਾਂ ਬਣਾ ਕੇ ਮੇਰੀ ਆਵਾਜ਼ ਵਿਚ ਰਿਕਾਰਡ ਕਰਨਗੇ । ਪਰ ਉਨ੍ਹਾਂ ਹੀ ਦਿਨਾਂ ਵਿਚ ਉਹ ਬੀਮਾਰ ਪੈ ਗਏ।

ਉਨ੍ਹਾਂ ਦੇ ਜਾਣ ਬਾਅਦ ਮੈਂ ਉਨ੍ਹਾਂ ਦਾ ਐਲਬਮ ਵਾਲਾ ਸੁਫ਼ਨਾ ਸਾਕਾਰ ਕਰਨਾ ਚਾਹੁੰਦਾ ਸੀ ਪਰ ਮੈਂ ਇੱਕਲਾ ਕੁਝ ਨਹੀਂ ਸੀ ਕਰ ਸਕਦਾ। ਫਿਰ ਮੈਂ ਗਿੱਲ ਸਾਹਬ ਦੇ ਜਿਗਰੀ ਦੋਸਤ ਪ੍ਰੋ. ਹਜ਼ਾਰਾ ਸਿੰਘ ਹੁਰਾਂ ਨੂੰ ਮਿਲ ਕੇ ਗਿੱਲ ਸਾਹਬ ਦੇ ਅਜ਼ੀਜ਼ਾਂ ਦੀ ਇਕ ਮੀਟਿੰਗ ਬੁਲਾਈ। ਆਸ ਨੂੰ ਫਲ ਲੱਗਾ ਤਾਂ ਅਸੀਂ ਮੇਵਾ ਸਿੰਘ ਗਿੱਲ ਮੈਮੋਰੀਅਲ ਫ਼ਾਊਂਡੇਸ਼ਨ (ਰਜਿ.) ਦਾ ਸੰਗਠਨ ਕਰ ਲਿਆ। ਢੇਰ ਸਾਰੀ Contribution ਇੱਕਠੀ ਹੋ ਗਈ। ਅਸੀਂ ਉਨ੍ਹਾਂ ਸਭ ਦੇ ਰਿਣੀ ਹਾਂ ਜਿੰਨ੍ਹਾਂ ਨੇ ਸਾਡੀ ਸੋਚ ਨੂੰ ਸਾਕਾਰ ਕਾਰਨ ਵਿੱਚ ਉਸਾਰੂ ਭੂਮਿਕਾ ਨਿਭਾਈ ਹੈ । ਇਸ ਸੰਗ੍ਰਹਿ ਦਾ ਤੀਜਾ



ਸੋਧਿਆ ਹੋਇਆ ਐਡੀਸ਼ਨ ਪ੍ਰਕਾਸ਼ਿਤ ਕਰਦੇ ਹੋਏ ਦਿਲ ਨੂੰ ਤਸੱਲੀ ਹੈ ਕਿ ਜਿਸ ਅਹਿਸਾਸ ਤਹਿਤ ਅਸਾਂ ਪਹਿਲਾ ਕਦਮ ਪੁਟਿਆ ਸੀ ਉਹੀ ਅੱਜ ਸਾਡੇ ਲਈ ਉਤਸ਼ਾਹ ਦਾ ਸੋਮਾ ਬਣ ਗਿਆ ਹੈ।

"ਸੂਰਜ ਕਦੇ ਵੀ ਮੋਇਆ ਨਹੀਂ
ਛਿਪਦਾ ਚੜ੍ਹਦਾ ਰਹਿੰਦਾ ਹੈ
ਅਸਤ ਹੋ ਜਾਣਾ ਇਸਦਾ ਐਪਰ
ਲੱਗਦੈ ਦਿਲ ਨੂੰ ਲਾ ਬੈਠਾਂ ।"

ਕੰਵਲਜੀਤ ਸਿੰਘ ਬਾਜਵਾ, ਐਡਵੋਕੇਟ
ਜਨਰਲ ਸਕੱਤਰ
ਮੇਵਾ ਸਿੰਘ ਗਿੱਲ ਮੈਮੋਰੀਅਲ ਫ਼ਾਊਂਡੇਸ਼ਨ (ਰਜਿ.)
#252, ਮਿੰਨੀ ਸਕਤਰੇਤ, ਲੁਧਿਆਣਾ

## ਆਜ਼ਾਦੀ

ਅੰਬਰਾਂ ਵਿਚ ਤਕ ਉਡਦੇ ਪੰਛੀ ਯਾਦ ਆਜ਼ਾਦੀ ਆਵੇ,
ਪਿੰਜਰੇ ਦੀ ਹਰ ਤਾਰ ਸਬਰ ਨੂੰ ਲੱਖ ਫਿਟਕਾਰਾਂ ਪਾਵੇ ।
ਫਿਰ ਭੀ 'ਜੋਗੀ' ਮੂਲ ਨਾ ਭਾਵੇ ਆਜ਼ਾਦੀ ਉਸ ਵਾ ਦੀ,
ਜੋ ਕੱਖਾਂ ਦੀ ਕੁੱਲੀ ਵਿਚੋਂ ਬਲਦਾ ਦੀਪ ਬੁਝਾਵੇ ।



## ਗੁਨਾਹ

ਕਸਮ ਏਸ ਧਰਤੀ ਦੀ, ਅੰਬਰ ਗਵਾਹ ਹੈ,
ਮੇਰੇ ਦਿਲ ਦੀ ਧੜਕਣ ਦੀ ਇੱਕੋ ਹੀ ਚਾਹ ਹੈ ।
ਜ਼ੁਲਮ ਦੀ ਕਬਰ ਤੇ ਮੈਂ ਜੇ ਨੱਚਿਆ ਨਾ,
ਮੇਰੀ ਜ਼ਿੰਦਗੀ ਫਿਰ ਮੇਰੇ ਲਈ ਗੁਨਾਹ ਹੈ ।

## ਮੰਜ਼ਲ ਆਉਣ ਵਾਲੀ ਹੈ

–੧–

ਪਾਂਧੀਓ ਕੁੱਝ ਹੌਂਸਲਾ ਰਖਣਾ ਕਿ ਮੰਜ਼ਲ ਆਉਣ ਵਾਲੀ ਹੈ,
ਸਬਰ ਦੀ ਆਖ਼ਰੀ ਐਂਸੀ ਬਗ਼ਾਵਤ ਪਾਉਣ ਵਾਲੀ ਹੈ ।

ਬਣਾਵਾਂਗੇ ਅਸੀਂ ਸਾਕੀ ਜੁਗਾਂ ਦੇ ਇਕ ਪਿਆਸੇ ਨੂੰ,
ਸੁਰਾਹੀ ਨਿੰਵ ਕੇ ਚੁੰਮੇਗੀ ਮੇਰੇ ਮਿੱਟੀ ਦੇ ਕਾਸੇ ਨੂੰ ।

ਖ਼ਮੋਸ਼ੀ ਜਾਚ ਛਾਲੇ ਦੀ ਤੇ ਹਾਸਾ ਵੇਖ ਲੀਰਾਂ ਦਾ,
ਸਿੰਘਾਸਣ ਡੋਲ ਉੱਠੇਗਾ ਜ਼ਮਾਨੇ ਦੇ ਅਮੀਰਾਂ ਦਾ ।

ਬਣਾਵਣਗੇ ਨਵੀਂ ਰੇਖਾ ਮੇਰੀ ਤਕਦੀਰ ਦੇ ਟੋਟੇ,
ਜ਼ਮਾਨਾ ਪਹਿਨ ਕੇ ਨੱਚਸੀ ਮੇਰੀ ਜ਼ੰਜੀਰ ਦੇ ਟੋਟੇ ।

ਚੁਗਾਂਗੇ ਕੱਖ ਕੁੱਲੀਆਂ ਦੇ ਨਵੀਂ ਕਿਸ਼ਤੀ ਬਣਾਵਾਂਗੇ,
ਤੇ ਉਸ ਕਿਸ਼ਤੀ ਨੂੰ ਫਿਰ ਤੂਫ਼ਾਨ ਦੇ ਸਿਰ ਤੇ ਨਚਾਵਾਂਗੇ ।

ਜਲਾ ਕੇ ਰਾਖ ਕਰ ਦੇਵੇ ਜੋ ਦੁਨੀਆਂ ਦੇ ਹਨੇਰੇ ਨੂੰ,
ਅਜਿਹਾ ਰਾਗ ਦੀਪਕ ਦਾ ਗ਼ਰੀਬੀ ਗਾਉਣ ਵਾਲੀ ਹੈ ।

ਕਿ ਮੰਜ਼ਲ ਆਉਣ ਵਾਲੀ ਹੈ ... ... ... ... ... ...



–੨–

ਦਰਦ ਦੀ ਆਪ ਬਣ ਜਾਸੀ ਦਵਾ ਦੁਨੀਆਂ ਦਾ ਹਰ ਦਰਦੀ,
ਕਿਨਾਰਾ ਬਣਨ ਲਈ ਉੱਠੇਗੀ ਹਰ ਇਕ ਲਹਿਰ ਸਾਗਰ ਦੀ ।

ਕਟੇ ਹੋਏ ਖੰਭ ਨੂੰ ਟੋਲਣਗੇ ਫਿਰ ਤਲਵਾਰਾਂ ਦੇ ਟੋਟੇ,
ਤੇ ਖ਼ੁਦ ਪਰਵਾਜ਼ ਮੰਗਣਗੇ ਕਫ਼ਸ ਦੀ ਤਾਰ ਦੇ ਟੋਟੇ ।

ਬਦਲੀਆਂ ਦੰਗ ਰਹਿ ਜਾਸਨ ਮੇਰੀ ਪਰਵਾਜ਼ ਨੂੰ ਤੱਕ ਕੇ,
ਫ਼ਰਸ਼ ਤੇ ਆਣ ਡਿੱਗੇਗੀ ਸ਼ਿਕਾਰੀ ਦੀ ਨਿਗਾਹ ਥੱਕ ਕੇ ।

ਉਡਾਰੀ ਜਾਣ ਗਈ ਜਿਸ ਦਿਨ ਡਰੀ ਹੋਈ ਸੋਚ ਦੀ ਪਸਤੀ,
ਕਫ਼ਨ ਜਾਪੇਗੀ ਹਰ ਇਕ ਤੰਦ ਨੂੰ ਫਿਰ ਜਾਲ ਦੀ ਹਸਤੀ ।

ਹਰ ਇੱਕ ਤਨ ਤੇ ਫਰੇਰੇ ਉਡ ਰਹੇ ਲੀਰਾਂ ਦੇ ਦਸਦੇ ਨੇ,
ਇਹ ਦੁਨੀਆਂ ਹੋਂਦ ਭੀ ਆਪਣੀ ਜੂਏ ਤੇ ਲਾਉਣ ਵਾਲੀ ਹੈ ।

ਕਿ ਮੰਜ਼ਲ ਆਉਣ ਵਾਲੀ ਹੈ ... ... ... ... ... ...

-੩-

ਜੁਆਲਾ ਬਣ ਕੇ ਭੜਕਣਗੇ ਦਬੇ ਅਰਮਾਨ ਸਦੀਆਂ ਦੇ,
ਉੱਠਣਗੇ ਬਣ ਕੇ ਸਭ ਬਾਗ਼ੀ ਦਬੇ ਇਨਸਾਨ ਸਦੀਆਂ ਦੇ ।

ਉੱਠਣਗੇ ਇਸ ਤਰ੍ਹਾਂ ਸ਼ੁਅਲੇ ਹਰ ਇੱਕ ਕਿੰਗਰੇ ਮੁਨਾਰੇ ਤੋਂ,
ਕਿ ਹਰ ਬਿਜਲੀ ਪਨਾਹ ਮੰਗਸੀ ਮੇਰੇ ਫੂਸਾਂ ਦੇ ਢਾਰੇ ਤੋਂ ।

ਬੁਝੇ ਹੋਏ ਦੀਪ ਸਦੀਆਂ ਦੇ ਅਸੀਂ ਮੁੜ ਕੇ ਜਗਾਵਾਂਗੇ,
ਤੇ ਕੰਬਦੀ ਲਾਟ ਨੂੰ ਨ੍ਹੇਰੇ ਦੇ ਸੀਨੇ ਤੇ ਨਚਾਵਾਂਗੇ ।

ਰੁਲੇ ਹੋਏ ਖ਼ਾਕ ਵਿਚ ਅਥਰੂ ਤੇ ਬੇ-ਬਸ ਖ਼ੂਨ ਦੇ ਕਤਰੇ,
ਚੁਣਨਗੇ ਨਾਲ ਪਲਕਾਂ ਦੇ ਨਵੇਂ ਇਤਿਹਾਸ ਦੇ ਪਤਰੇ ।

ਜਿਨ੍ਹਾਂ ਦੇ ਕਾਲਿਆਂ ਲੇਖਾਂ ਤੇ ਹਸਦਾ ਅੱਜ ਜ਼ਮਾਨਾ ਹੈ,
ਉਨ੍ਹਾਂ ਬਣਬਾਸੀਆਂ ਦੀ ਕਲ੍ਹ ਨੂੰ ਆ ਜਾਣੀ ਦਿਵਾਲੀ ਹੈ ।

ਕਿ ਮੰਜ਼ਲ ਆਉਣ ਵਾਲੀ ਹੈ ... ... ... ... ... ...



-੪-

ਸੰਭਲ ਜਾਵੋ ਐ ਤੂਫ਼ਾਨੋ! ਹਵਾ ਨੇ ਬਦਲ ਲਏ ਪਾਸੇ,
ਵਰੋਲੇ ਤਰਸਦੇ ਫ਼ਿਰਦੇ ਨੇ ਥਾਂ ਥਾਂ ਨੀਰ ਦੇ ਪਿਆਸੇ ।

ਮੇਰੀ ਨੱਈਆ ਦਾ ਲਹਿਰਾਂ ਨੂੰ ਸਦਾ ਏਹੋ ਇਸ਼ਾਰਾ ਹੈ,
ਕਿ ਤੂਫ਼ਾਂ ਹੈ ਮੇਰੀ ਮੰਜ਼ਲ ਭੰਵਰ ਮੇਰਾ ਕਿਨਾਰਾ ਹੈ ।

ਨਹੀਂ ਡਰ ਓਸ ਨੱਈਆ ਨੂੰ ਖਵੱਈਏ ਨੇ ਜਵਾਂ ਜਿਸ ਦੇ,
ਤੇ ਮਜ਼ਦੂਰਾਂ ਦੀਆਂ ਲੀਰਾਂ ਬਣੇ ਨੇ ਬਾਦਬਾਂ ਜਿਸ ਦੇ ।

ਸੰਭਾਲੋ ਐ ਬੀਆਬਾਨੋ! ਮੇਰੇ ਕਦਮਾਂ ਨਿਸ਼ਾਨਾਂ ਨੂੰ,
ਖ਼ਿਜ਼ਰ ਚਲਿਆ ਬਨਾਵਣ ਮੈਂ ਵਤਨ ਦੇ ਨੌਜਵਾਨਾਂ ਨੂੰ ।

ਸਵੇਰਾ ਦੇਖ ਕੇ ਆਉਂਦਾ ਹੋਏਗਾ, ਰੰਗ ਫ਼ੱਕ ਇਸ ਦਾ,
ਜੋ ਅਜ 'ਜੋਗੀ' ਦੀ ਦੁਨੀਆਂ ਤੇ ਬਸੀ ਹੋਈ ਰਾਤ ਕਾਲੀ ਹੈ ।

ਪਾਂਧੀਓ ਹੌਸਲਾ ਰੱਖਣਾ ਕਿ ਮੰਜ਼ਲ ਆਉਣ ਵਾਲੀ ਹੈ,
ਸਬਰ ਦੀ ਆਖ਼ਰੀ ਔਂਸੀ ਬਗ਼ਾਵਤ ਪਾਉਣ ਵਾਲੀ ਹੈ ।

– o –

## ਗ਼ਜ਼ਲ–੧

ਇਸ ਦਿਲ ਦੇ ਡੂੰਘੇ ਜ਼ਖ਼ਮਾਂ ਨੂੰ ਦਿਲ ਦੀ ਡੂੰਘਾਈ ਮਿਲ ਨਾ ਸਕੀ,
ਹਰ ਬਾਰ ਜ਼ਮਾਨਾ ਹਾਰ ਗਿਆ ਬੰਦੇ ਦੀ ਖ਼ੁਦਾਈ ਮਿਲ ਨਾ ਸਕੀ ।
ਮੰਜ਼ਲ ਤਾਂ ਮੇਰੇ ਕਦਮਾਂ ਵਿਚ ਸੀ ਹਿੰਮਤ ਪਰ ਦਿਲ ਦੀ ਹਾਰ ਗਈ,
ਦੋ ਕਦਮ ਉਰੇ ਭੀ ਮੰਜ਼ਲ ਤੋਂ ਜਦ ਤੇਰੀ ਕਲਾਈ ਮਿਲ ਨਾ ਸਕੀ ।
ਅੱਜ ਰੋਗ ਉਮਰ ਦਾ ਬਣ ਬੈਠੇ ਅਣਜਾਣ ਮੁਹੱਬਤ ਦੇ ਸੌਦੇ,
ਜਿਸ ਗ਼ਮ ਨੂੰ ਜੁਦਾਈ ਤੋਂ ਲੀਤਾ ਉਸ ਗ਼ਮ ਤੋਂ ਜੁਦਾਈ ਮਿਲ ਨਾ ਸਕੀ ।
ਤੇਰਾ ਹੱਥਾਂ 'ਚੋਂ ਨਿਕਲ ਗਿਆ ਪੱਲੂ ਮੇਰੀ ਕੰਬਦੀ ਕਲਾਈ ਦੂਰ ਨਾ ਸੀ,
ਪਰ ਗਲ ਚੋਂ ਲੱਥੀਆਂ ਬਾਹਵਾਂ ਨੂੰ ਇਕ ਭੀ ਅੰਗੜਾਈ ਮਿਲ ਨਾ ਸਕੀ ।
ਗ਼ਮ ਦਰਦ ਤਾਂ ਦਿਲ ਦਾ ਖ਼ਾਸਾ ਹੈ ਇਸ ਦਰਦ ਬਿਨਾ ਦਿਲ ਕੁਝ ਭੀ ਨਹੀਂ,
ਇੰਜ ਸੋਚ ਕੇ ਦਿਲ ਭੀ ਦੇ ਬੈਠੇ ਪਰ ਗ਼ਮ ਤੋਂ ਰਿਹਾਈ ਮਿਲ ਨਾ ਸਕੀ ।
ਤੇਰੀ ਹੋਂਦ ਪੁਰਾਣੀ ਅਜ਼ਲਾਂ ਤੋਂ ਮੇਰਾ ਰੋਗ ਪੁਰਾਤਨ ਹਸਤੀ ਤੋਂ
ਤੈਨੂੰ ਰੋਗ ਨਾ ਮੇਰਾ ਮਿਲ ਸਕਿਆ ਮੈਨੂੰ ਇਸ ਦੀ ਦਵਾਈ ਮਿਲ ਨਾ ਸਕੀ ।
ਹਰ ਠੋਕਰ ਭੁਲਿਆਂ ਰਾਹਾਂ ਦੀ 'ਜੋਗੀ' ਦਾ ਸਹਾਰਾ ਬਣਦੀ ਰਹੀ,
ਜਦ ਨੈਣ ਗੰਵਾ ਕੇ ਭੀ ਆਪਣੇ ਇਕ ਨਜ਼ਰ ਪੁਰਾਈ ਮਿਲ ਨਾ ਸਕੀ ।

– o –



## ਗ਼ਜ਼ਲ–੨

ਇਕ ਵਾਰ ਨਕਸ਼ ਜਿਸ ਨਂਈਆ ਦੇ ਤੂਫ਼ਾਨਾਂ ਨਿਖਾਰੇ ਹੁੰਦੇ ਨੇ,
ਹਰ ਪੈਰ ਤੇ ਉਸ ਦੀ ਮੰਜ਼ਲ ਦੇ ਛੱਲਾਂ ਦੇ ਹੁਲਾਰੇ ਹੁੰਦੇ ਨੇ ।
ਇਸ ਪਿਆਰ ਦੇ ਭੁੱਲਿਆਂ ਰਾਹਾਂ ਤੇ ਐਸਾ ਭੀ ਸਮਾਂ ਇੱਕ ਆਉਂਦਾ ਹੈ,
ਜਦ ਤਾਲ ਤੋਂ ਉਖੜੇ ਕਦਮਾਂ ਨੂੰ ਠੇਡੇ ਭੀ ਸਹਾਰੇ ਹੁੰਦੇ ਨੇ ।
ਉਸ ਅੱਥਰੂ ਦੇ ਲੇਖ ਤੇ ਕੀ ਰੋਣਾ ਅੱਖ ਤਰ ਕੇ ਜੋ ਉਸ ਥਾਂ ਡੁੱਬ ਜਾਏ,
ਇੱਕ ਨਜ਼ਰ ਪਰੇ ਬਸ ਜਿਸ ਥਾਂ ਤੋਂ ਪੱਲੂ ਦੇ ਕਿਨਾਰੇ ਹੁੰਦੇ ਨੇ ।
ਜਿਸ ਗਮ ਨਾਲ ਟੁੱਟਿਆ ਦਿਲ ਮੇਰਾ, ਫਿਰ ਉਸ ਦਾ ਸਹਾਰਾ ਭਾਲ ਰਿਹਾਂ,
ਇਸ ਰੂਪ ਦੇ ਬਖ਼ਸ਼ੇ ਗ਼ਮ ਦਿਲ ਨੂੰ ਰੂਪੋਂ ਭੀ ਪਿਆਰੇ ਹੁੰਦੇ ਨੇ ।
ਮੇਰੀ ਉਮਰ ਉਡੀਕਾਂ ਦੀ ਸਾਰੀ ਉਸ ਨਜ਼ਰ ਤੋਂ ਵਾਰੀ ਸੌ ਵਾਰੀ,
ਜਿਸ ਨਜ਼ਰ ਨੇ ਤੇਰੀਆਂ ਪਲਕਾਂ ਤੇ ਦੋ ਪਲ ਭੀ ਗੁਜ਼ਾਰੇ ਹੁੰਦੇ ਨੇ ।
ਜਿਸ ਥਾਂ ਤੇ ਸੁਰਾਹੀ ਨਿਉਂ ਜਾਏ ਦਰਬਾਰ ਹੈ ਕਾਸੇ ਦਾ ਓਹੋ,
ਜਿੱਥੇ ਕਾਸਾ ਭੀ ਐਪਰ ਝੁਕ ਜਾਵੇ ਫੱਕਰਾਂ ਦੇ ਦੁਆਰੇ ਹੁੰਦੇ ਨੇ ।
ਔਖਾ ਹੈ ਇਹ ਦੁਨੀਆਂ ਦਾ ਜਿਤਣਾ ਇਹ ਦੀ ਹਾਰ ਭੀ ਔਖੀ ਹੈ 'ਜੋਗੀ',
ਜਿਹੜੇ ਦਿਲ ਦੀ ਬਾਜ਼ੀ ਜਿੱਤ ਲੈਂਦੇ ਪਹਿਲੋਂ ਦਿਲ ਦੀਆਂ ਹਾਰੇ ਹੁੰਦੇ ਨੇ

– o –

## ਗ਼ਜ਼ਲ–3

ਰਾਹਾਂ 'ਚ ਰੁਲੇ ਅਥਰੂ ਕੋਈ ਭਾਲ ਰਿਹਾ ਹੈ,
ਕੁਝ ਵਕਤ ਲਈ ਗ਼ਮ ਨੂੰ ਤੇਰੇ ਟਾਲ ਰਿਹਾ ਹੈ ।

ਰਸਤਾ ਹੈ ਤੇਰੇ ਰੋਸ ਤੋਂ ਜੀਵਨ ਤਕ ਨ੍ਹੇਰਾ,
ਹਰ ਪੈਰ ਤੇ ਰਾਹ ਮੰਜ਼ਲ ਦਾ ਦੀਆ ਬਾਲ ਰਿਹਾ ਹੈ ।

ਸ਼ਰਮਾ ਕੇ ਜਿੱਥੇ ਪਹਿਲੀ ਨਜ਼ਰ ਤੇਰੀ ਸੀ ਡਿੱਗੀ,
ਦਿਲ ਅੱਜ ਭੀ ਖੜਾ ਉਥੇ ਹੀ ਕੁਝ ਭਾਲ ਰਿਹਾ ਹੈ ।

ਮਸਤਕ ਤੋਂ ਕੋਈ ਤੋੜ ਕੇ ਨਿੱਤ ਰੇਖ ਅਛੂਤੀ,
ਇੱਕ ਯੁਗ ਤੋਂ ਤੇਰੀ ਔਂਸੀ ਨੂੰ ਬਸ ਪਾਲ ਰਿਹਾ ਹੈ ।

ਕੁੱਛ ਏਸ ਤਰ੍ਹਾਂ ਦਿਲ ਤੇ ਬਣੀ ਬੀਤ ਰਹੀ ਹੈ,
ਤੇਰੇ ਗ਼ਮ ਨੂੰ ਸਮਾਂ ਤੇ ਸਮੇਂ ਨੂੰ ਇਹ ਗ਼ਮ ਟਾਲ ਰਿਹਾ ਹੈ।

ਔਖਾ ਹੈ ਤੇਰੇ ਨਾਲੋਂ ਤੇਰੇ ਗ਼ਮ ਦਾ ਵਿਛੋੜਾ,
ਹਰ ਹਾਲ 'ਚ ਹਰ ਥਾਂ ਇਹ ਮੇਰੇ ਨਾਲ ਰਿਹਾ ਹੈ ।

ਝਾਂਜਰ ਦੀ ਛਣਕ ਤੇਰੀ ਜੋ ਇੱਕ ਵਾਰ ਸੁਣੀ ਸੀ,
ਅੱਜ 'ਜੋਗੀ' ਕੋਈ ਗੀਤ 'ਚ ਉਹ ਢਾਲ ਰਿਹਾ ਹੈ ।
ਰਾਹਾਂ 'ਚ ਰੁਲੇ ਅੱਥਰੂ ਕੋਈ ਭਾਲ ਰਿਹਾ ਹੈ ।

– o –



## ਗ਼ਜ਼ਲ–੪

ਜੀਵਨ ਦਾ ਫ਼ਿਕਰ ਬਾਜ਼ੀ ਕੋਈ ਹਾਰ ਗਿਆ ਹੈ,
ਹਰ ਪੈਰ ਤੇ ਜਿੱਤਦਾ ਹੀ ਤੇਰਾ ਪਿਆਰ ਗਿਆ ਹੈ ।

ਜਿਸ ਥਾਂ ਤੇ ਤੇਰੇ ਨੈਣਾਂ 'ਚੋਂ ਮੁਸਕਾਣ ਖਿੰਡੀ ਸੀ,
ਮੁੜ ਮੁੜ ਕੇ ਸਮਾਂ ਉਥੇ ਕਈ ਵਾਰ ਗਿਆ ਹੈ ।

ਉੱਠਿਆ ਜੋ ਮੇਰੇ ਵੱਲ ਨੂੰ ਕਦੀ ਪੈਰ ਸੀ ਤੇਰਾ,
ਠੋਕਰ ਉਹ ਮੇਰੇ ਜਾਮ ਨੂੰ ਅੱਜ ਮਾਰ ਗਿਆ ਹੈ ।

ਲਗਦੇ ਨੇ ਤੇਰੇ ਬੋਲ ਸਗੋਂ ਹੋਰ ਪਿਆਰੇ,
ਜਿਸ ਦਿਨ ਦਾ ਤੇਰੇ ਬੋਲ ਤੋਂ ਇਤਬਾਰ ਗਿਆ ਹੈ ।

ਮਿਲਿਆ ਨਾ ਤੇਰੇ ਦਰ ਤੋਂ ਮੇਰਾ ਖੋਇਆ ਨਸੀਬਾ,
ਸੌ ਵਾਰ ਜਗਾ ਜੋਤ ਮੇਰਾ ਪਿਆਰ ਗਿਆ ਹੈ ।

ਉਂਗਲੀ ਤੇ ਤੇਰੀ ਲਿਪਟੀ ਹੋਈ ਦਸਦੀ ਹੈ ਚੁੰਨੀ,
ਦੁਨੀਆਂ ਤੋਂ ਕੋਈ ਚਾਲ ਇਹ ਦਿਲ ਹਾਰ ਗਿਆ ਹੈ ।

ਦੱਸਿਆ ਨਾ ਮੇਰੇ ਦਿਲ ਨੂੰ ਤੇਰੇ ਗ਼ਮ ਨੇ ਟਿਕਾਣਾ,
ਖੋਜਾਂ 'ਚ ਉਮਰ 'ਜੋਗੀ' ਏਹ ਗੁਜ਼ਾਰ ਗਿਆ ਹੈ ।

– o –

## ਗ਼ਜ਼ਲ–੫

ਫਿਰ ਯਾਦ ਕੋਈ ਦਰ ਤੇ ਮੇਰੇ ਆਣ ਖੜੀ ਹੈ,
ਭਟਕੀ ਹੈ ਕਿਸੇ ਰਾਹ 'ਚੋਂ ਪਰੇਸ਼ਾਨ ਖੜੀ ਹੈ ।

ਉਲਝੀ ਸੀ ਤੇਰੀ ਲਟ ਸੀ ਜਿੱਥੇ ਮੇਰੀ ਜਵਾਨੀ,
ਅੱਜ ਤਾਈਂ ਉਮਰ ਉਥੇ ਹੀ ਅਨਜਾਣ ਖੜੀ ਹੈ ।

ਮੇਰੇ ਤੋਂ ਤੇਰਾ ਪੰਧ ਤਾਂ ਇਕ ਨਜ਼ਰ ਸੀ ਸਾਰਾ,
ਥੱਕ ਹਾਰ ਕੇ ਅੱਧਵਾਟੇ ਹੀ ਪਰ ਜਾਨ ਖੜੀ ਹੈ ।

ਰਸਤੇ ਨੇ ਰੁਲੇ ਏਸ ਤਰ੍ਹਾਂ ਮੇਰੇ ਜਨੂੰ ਤੋਂ,
ਕਦਮਾਂ 'ਚ ਮੇਰੇ ਆਪ ਮੰਜ਼ਲ ਆਣ ਖੜੀ ਹੈ ।

ਦੋ ਪੈਰ ਜ਼ਰਾ ਚਲ ਲੈ ਦਿਲਾ ਲਟ ਦੇ ਹਨੇਰੇ,
ਨੇੜੇ ਹੀ ਮੇਰੇ ਹੰਝੂਆਂ ਦੀ ਮੁਸਕਾਨ ਖੜੀ ਹੈ ।

ਆਖ਼ਰ ਤਾਂ ਮੇਰਾ ਇਸ਼ਕ ਕਦੀ ਰੂਪ ਬਣੇਗਾ,
ਦੋ ਦਿਨ 'ਚ ਹੀ ਕਿਉਂ ਜਿੰਦ ਹੈਰਾਨ ਖੜੀ ਹੈ ।

ਹੋਸ਼ਾਂ ਨੂੰ ਮੇਰੇ ਜਾਮ ਇਕ ਹੋਰ ਪਿਲਾ ਦੇ,
'ਜੋਗੀ' ਦੀ ਕੋਈ ਤੌਬਾ ਬਣੀ ਈਮਾਨ ਖੜੀ ਹੈ ।

– o –



## ਗ਼ਜ਼ਲ–੬

ਦਿਲ ਦੇਣਦਾਰ ਹੋ ਗਿਆ ਕੂੜੇ ਕਰਾਰ ਦਾ,
ਇਕ ਹੋਰ ਕੱਟ ਗਿਆ ਹੈ ਦਿਨ ਤੇਰੇ ਬੀਮਾਰ ਦਾ ।

ਕਿੰਜ ਬੀਤਦੀ ਪਤਾ ਨਹੀਂ ਦੋ ਦਿਨ ਦੀ ਜ਼ਿੰਦਗੀ,
ਗ਼ਮ ਵੀ ਕਦੀ ਜੇ ਵਕਤ ਨਾ ਮੇਰਾ ਗੁਜ਼ਾਰਦਾ ।

ਦੇ ਕੇ ਹਵਾ ਵੀ ਬਚ ਗਿਆ ਪੱਲਾ ਜੇ ਰੇਸ਼ਮੀ ਕੋਈ,
ਇਹ ਭੀ ਤਾਂ ਇੱਕ ਅਹਿਸਾਨ ਹੈ ਦਿਲ ਦੇ ਅੰਗਾਰ ਦਾ ।

ਆਹ ਲੈ ਸੰਭਾਲ ਮੁਸਕਣੀ ਮੇਰੀ ਜਾਨ ਦੋ ਘੜੀ,
ਗ਼ਮ ਥੱਕ ਗਿਆ ਹੈ ਸ਼ਾਇਦ ਕੋਈ ਲਟ ਸੰਵਾਰਦਾ ।

ਜਾਣਾ ਸੀ ਹੋਰ ਭੀ ਅਗਾਂਹ ਤੇਰੇ ਮਿਲਾਪ ਤੋਂ
ਲੰਬਾ ਹੈ ਜ਼ਿੰਦਗੀ ਤੋਂ ਪਰ ਰਾਹ ਇੰਤਜ਼ਾਰ ਦਾ ।

ਉਹਨੇ ਤਾਂ ਸੀ ਬੁਲਾ ਲਿਆ ਗ਼ਮ ਦੇ ਬੀਮਾਰ ਨੂੰ,
ਟੁਰਿਆ ਨਾ ਦੋ ਕਦਮ ਭੀ ਪਰ ਹੀਆਂ ਪਿਆਰ ਦਾ ।

ਹੁੰਦੀ ਨਾ ਤੇਰੀ ਜਿੱਤ ਕਦੀ ਮੇਰੀ ਹਾਰ ਦੀ ਮੁਹਤਾਜ,
ਬਾਜ਼ੀ ਕਦੀ ਨਾ ਇਸ਼ਕ ਦੀ 'ਜੋਗੀ' ਸੀ ਹਾਰਦਾ ।

– o –

## ਗ਼ਜ਼ਲ–੭

ਤੇਰੇ ਦਰ ਤੋਂ ਜਦੋਂ ਮੁੜ ਕੇ ਸਬਰ ਆਇਆ,
ਹਰ ਪੈਰ ਤੇ ਰਾਹ 'ਚ ਤੇਰਾ ਦਰ ਆਇਆ ।

ਐਸੇ ਭੀ ਤੇਰੇ ਰਾਹ 'ਚ ਕਈ ਥਾਂ ਆਏ,
ਤੇਰਾ ਦਰ ਭੀ ਪਿੱਛਾਂਹ ਜਿਸ ਤੋਂ ਨਜ਼ਰ ਆਇਆ ।

ਜਦ ਭੀ ਯਾਦ ਤੇਰੀ ਭੁੱਲ ਦੀ ਆਈ,
ਤੇਰਾ ਰੂਪ ਸਗੋਂ ਹੋਰ ਨਿੱਖਰ ਆਇਆ ।

ਸਾਰੇ ਜੱਗ ਨੇ ਜੋ ਅੱਜ ਤਾਈਂ ਪੀਤੀ,
ਤੇਰੇ ਨੈਣੀਂ : ਕਿਵੇਂ ਉਸ ਦਾ ਅਸਰ ਆਇਆ ।

ਮੁਕਣਾ ਹੈ ਹਰ ਇਕ ਦਰਦ ਨੇ ਇਕ ਦਿਨ,
ਡਰ ਦਿਲ ਨੂੰ ਤੇਰੇ ਰੋਸ ਤੋਂ ਪਰ ਆਇਆ ।

ਨਾ ਆਉਣ ਦਾ ਡਰ ਸੀ ਤੇਰੇ ਆਣ ਤੋਂ ਪਹਿਲਾਂ,
ਆਉਣ ਸਾਰ ਚਲੇ ਜਾਣ ਦਾ ਡਰ ਆਇਆ ।

ਦਿਲ ਵੀ ਅਪਣਾ ਅਜਬ ਜਾਮ ਹੈ 'ਜੋਗੀ',
ਜਦ ਜਦ ਵੀ ਕਿਸੇ ਪੀਤਾ ਇਹ ਭਰ ਆਇਆ ।

– o –



## ਗ਼ਜ਼ਲ–੮

ਜ਼ਿੰਦਗੀ ਵੀ ਘਣੀ ਰਾਤ ਬਣਾਈ,
ਗ਼ਮ ਨੂੰ ਨੀਂਦ ਨਾ ਫੇਰ ਭੀ ਆਈ ।

ਇਕ ਉਮਰ ਰਿਹਾ ਦਿਲ ਬਲਦਾ,
ਬੁਝੀ ਆਸ ਨਾ ਪਰ ਰੁਸ਼ਨਾਈ ।

ਸਾਰੇ ਆਏ ਨੇ ਮੇਰੀ ਖ਼ਬਰ ਨੂੰ,
ਇਕ ਤੇਰੀ ਖ਼ਬਰ ਹੀ ਨਾ ਆਈ ।

ਜਦ ਜਦ ਭੀ ਮੈਂ ਜ਼ਿੰਦਗੀ ਤੇ ਰੋਇਆ,
ਮੇਰੀ ਸਾਦਗੀ ਤੇ ਉਹ ਮੁਸਕਾਈ ।

ਮੈਥੋਂ ਭੁੱਲ ਨਾ ਸਕੀ ਭੁੱਲ ਆਪਣੀ,
ਤੇਰੀ ਸਾਰੀ ਮੈਂ ਯਾਦ ਭੁਲਾਈ ।

ਤੇਰੇ ਰੂਪ ਦੀ ਵੱਧ ਗਈ ਆਯੂ,
ਮੇਰੇ ਗ਼ਮ ਨੇ ਜਾਂ ਲਈ ਅੰਗੜਾਈ ।

ਕਿਸੇ 'ਜੋਗੀ' ਦੀ ਲੁੱਟ ਗਈ ਦੁਨੀਆਂ,
ਭਾਵੇਂ ਆਪਣੀ ਤੂੰ ਨਜ਼ਰ ਚੁਰਾਈ ।

– o –

## ਗ਼ਜ਼ਲ–੯

ਮਿਟਦੀ ਨਹੀਂ ਤਿਖਾ ਕਦੀ ਨੈਣਾਂ ਨੂੰ ਨੂਰ ਦੀ,
ਕਿੰਨੀ ਸੰਖੇਪ ਹੈ ਕਥਾ ਮੂਸਾ ਦੇ ਤੂਰ ਦੀ ।

ਜੀਣਾ ਖ਼ੁਦਾ ਦੇ ਰਹਿਮ ਤੇ ਹੈ ਉਮਰ ਭਰ ਦਾ ਰੋਗ
ਮਰਨਾ ਭੀ ਸ਼ੈਦ ਹੈ ਸਜ਼ਾ ਏਸੇ ਕਸੂਰ ਦੀ ।

ਐ ਜਾਮ ਤੇਰੀ ਲੋਚ ਹੈ ਰਾਹੀ ਨੂੰ ਇਸ ਲਈ,
(ਕਿ) ਰਸਤੇ ਨੇ ਪਿਆਰ ਦੇ ਬਣੇ ਹੋਸ਼ਾਂ ਤੋਂ ਦੂਰ ਦੀ ।

ਪੀਣੋਂ ਨਹੀਂ ਸੰਕੋਚ ਹੈ ਕੋਈ ਭੀ ਸ਼ੇਖ਼ ਨੂੰ,
ਪਰ ਸ਼ਰਤ ਜਾਮ ਨਾਲ ਹੈ ਇਕ ਸਿਰਫ਼ ਹੂਰ ਦੀ ।

ਮੇਰੇ ਇਸ਼ਕ ਦਾ ਗ਼ਰੂਰ ਸੀ ਇਕ ਪਲ ਹੀ ਪਛੜਿਆ
ਮੇਰੀ ਬੇ–ਵਸੀ ਰਹੀ ਸਦਾ ਇਸ ਪਲ ਨੂੰ ਝੂਰਦੀ ।

ਦਮ ਰੁਕ ਗਏ ਨੇ ਵਕਤ ਦੇ ਹੋਣੀ ਨੂੰ ਵੇਖ ਕੇ,
ਹੈ ਸ਼ੈਦ ਉੱਠ ਰਹੀ ਨਿਗਾਹ ਗਿਰ ਕੇ ਹਜ਼ੂਰ ਦੀ ।

'ਜੋਗੀ' ਨਜ਼ਰ ਦੇ ਜਾਮ ਦਾ ਨਾ ਆਰ ਹੈ ਨਾ ਪਾਰ,
ਬੇੜੀ ਭਰੀ ਹੋਈ ਹੈ ਇਹ ਲਹਿਰਾਂ ਦੇ ਪੂਰ ਦੀ ।

– o –



## ਗ਼ਜ਼ਲ–੧੦

ਉਜੜਿਆ ਦਿਲ ਮੇਰਾ ਫਿਰ ਭੀ ਕਿਸੇ ਦਾ ਤਾਂ ਬਸੇਰਾ ਹੈ,
ਮੇਰੇ ਸੱਜਣਾਂ ਦਾ ਪਰ ਦੇਖੋ ਕੇਹੀ ਰੋਹੀ 'ਚ ਡੇਰਾ ਹੈ ।

ਬੁਝੇ ਸਭ ਦੀਪ ਨੇ ਦਿਲ ਦੇ ਸੜੇ ਅਰਮਾਨ ਨੇ ਸਾਰੇ,
ਤੇਰੀ ਦੁਨੀਆਂ 'ਚ ਐ ਚੰਨਾਂ! ਕਿਵੇਂ ਏਨਾ ਹਨੇਰਾ ਹੈ ।

ਹੁਸਨ ਦੀ ਛੁਹ ਬੜੀ ਔਖੀ ਲਟਾਂ ਦੇ ਰਸਤਿਆਂ ਰਾਹੀਂ,
ਮੈਂ ਉਸੇ ਰੈਣ ਥੀਂ ਗੁੰਮਿਆਂ ਜਿਹਦੀ ਮੰਜ਼ਲ ਸਵੇਰਾ ਹੈ ।

ਮੈਂ ਗ਼ਮ ਦੇ ਨਾਲ ਆਪਣਾ ਜਾਣ ਕੇ ਦੋ ਪੈਰ ਟੁਰਿਆ ਸੀ,
ਮੇਰੀ ਬੇਆਸਰਾ ਲਗ਼ਜ਼ਸ਼ ਪੁਕਾਰੀ ਗ਼ਮ ਭੀ ਤੇਰਾ ਹੈ ।

ਉਮਰ ਮਦਹੋਸ਼ ਭੀ ਉਹਦੀ ਨਜ਼ਰ ਨਿਰਦੋਸ਼ ਭੀ ਉਹਦੀ,
ਗੁਨਾਹੋ ਸੋਚ ਕੇ ਬੋਲੋ ਤੁਸਾਂ 'ਚੋਂ ਕੌਣ ਮੇਰਾ ਹੈ ।

ਨਿਗਾਹੋ ਜਾਮ ਦੀ ਭਿੱਛਿਆ ਜ਼ਰਾ ਉੱਠ ਕੇ ਹੀ ਪਾ ਦੇਣਾ,
ਕਿ ਥੋੜੀ ਮੇਹਰ ਤੋਂ ਮੇਰਾ ਜ਼ਰਾ ਕਾਸਾ ਉਚੇਰਾ ਹੈ ।

ਭਰੇ ਹੋਏ ਜਾਮ ਘਬਰਾ ਕੇ ਕਈ 'ਜੋਗੀ' ਨੇ ਤੋੜੇ ਨੇ,
ਫਿਰ ਇੱਕ ਇੱਕ ਠੀਕਰੀ ਬਦਲੇ ਭੀ ਪਾਇਆ ਸੌ ਸੌ ਫੇਰਾ ਹੈ ।

– o –

## ਗ਼ਜ਼ਲ–੧੧

ਚਲੋ ਹੰਝੂਓ ਕੋਈ ਆਵਾਜ਼ ਆਈ ਹੈ,
ਕਿ ਦਰ ਤੇ ਰੋ ਰਹੀ ਸ਼ਾਇਦ ਖ਼ੁਦਾਈ ਹੈ ।

ਊਸ਼ਾ ਦੀ ਲੋ 'ਚ ਮੇਰੇ ਡੁੱਬੇ ਗਏ ਤਾਰੇ,
ਬਹੁਤ ਹੀ ਗ਼ਮ ਨੇ ਲੰਮੀ ਬਾਤ ਪਾਈ ਹੈ ।

ਬਖ਼ਸ਼ ਦੇ ਐ ਦਇਆ ਸਭ ਮੇਰੀਆਂ ਨਜ਼ਰਾਂ,
ਕਿ ਮੈਥੋਂ ਹਰ ਨਜ਼ਰ ਮੇਰੀ ਪਰਾਈ ਹੈ ।

ਬੜਾ ਔਖਾ ਦੁਆ ਦਾ ਮੇਹਰ ਤਕ ਪੁਜਣਾ,
ਖ਼ੁਦੀ ਦੀ ਬੇ–ਖ਼ੁਦੀ ਰਸਤੇ 'ਚ ਪਾਈ ਹੈ ।

ਖ਼ੁਸ਼ੀ ਦੀ ਲੋਚ ਹੀ ਤਾਂ ਗ਼ਮ ਦੀ ਜਣਨੀ ਹੈ,
ਖ਼ੁਸ਼ੀ ਦੀ ਲੋਚ ਹੀ ਗ਼ਮ ਦੀ ਦਵਾਈ ਹੈ ।

ਨਾ ਛੇੜੋ ਚੀਸ ਬਣ ਬਣ ਬੀਤੀਓ ਯਾਦੋ,
ਮਸਾਂ ਹੀ ਹੁਣ ਜ਼ਖ਼ਮ ਨੂੰ ਨੀਂਦ ਆਈ ਹੈ ।

ਭਟਕਦੇ ਰਹਿਣਗੇ ਉਹ ਪਿਆਰ ਭੀ 'ਜੋਗੀ',
ਨਾ ਠੋਕਰ ਜਿਸ ਨੂੰ ਤੇਰੇ ਪੈਰ ਲਾਈ ਹੈ ।

– o –



## ਗ਼ਜ਼ਲ–੧੨

ਬੁਲ੍ਹਾਂ ਨੂੰ ਛੋਹ ਰਿਹਾ ਹੈ ਜਾਮ ਫਿਰ ਭੀ ਪਿਆਸ ਹੈ,
ਐ ਰੂਪ ਤੇਰੀ ਮਿਹਰ ਹੁਣ ਨਾ ਗ਼ਮ ਨੂੰ ਰਾਸ ਹੈ ।

ਆਪਾ ਮਿਲਣ ਦੀ ਲੋਚ ਸੀ ਤੇਰੇ ਮਿਲਣ ਤੋਂ ਬਾਅਦ,
ਆਪਾ ਮਿਲਣ ਤੋਂ ਬਾਅਦ ਪਰ ਤੇਰੇ ਮਿਲਣ ਦੀ ਆਸ ਹੈ ।

ਪੀ ਪੀ ਕੇ ਮੇਰਾ ਗ਼ਮ ਪਲੀ ਤੇਰੇ ਖ਼ਿਆਲ ਦੀ ਖ਼ੁਸ਼ੀ,
ਤੇਰੀ ਖ਼ੁਸ਼ੀ ਦੀ ਫੇਰ ਭੀ ਮੇਰੇ ਗ਼ਮ ਨੂੰ ਪਿਆਸ ਹੈ ।

ਮੇਰੀ ਦੁਆ ਦੀ ਹੋਂਦ ਹੈ ਤੇਰੀ ਸਦੀਵ ਬੇਰੁਖ਼ੀ,
ਫਿਰ ਤੇਰੀ ਬੇਰੁਖ਼ੀ ਤੋਂ ਕਿਉਂ ਮੇਰੀ ਦੁਆ ਉਦਾਸ ਹੈ ।

ਮੇਰੇ ਹੀ ਗ਼ਮ ਦਾ ਨੂਰ ਹੈ, ਤੇਰਾ ਸਰੂਪ ਰੂਪ ਰੰਗ,
ਤੇਰੇ ਮਿਲਣ ਤੇ ਫੇਰ ਵੀ ਗ਼ਮ ਦੇ ਮਿਟਣ ਦੀ ਆਸ ਹੈ ।

ਤੇਰੀ ਨਜ਼ਰ ਸੀ ਜੋ ਡਿਗੀ ਮੇਰੀ ਨਜ਼ਰ ਦੇ ਸਾਹਮਣੇ,
ਉਸੇ ਨਜ਼ਰ ਤੋਂ ਡਿੱਗ ਕੇ ਹੁਣ ਮੇਰੀ ਨਜ਼ਰ ਉਦਾਸ ਹੈ ।

'ਜੋਗੀ' ਇਹ ਇਸ਼ਕ ਦੀ ਅਗਨ ਬੁਝਦੀ ਨਾ ਹੰਝੂਆਂ ਦੇ ਨਾਲ,
ਪਲ ਪਲ ਜੋ ਦੇ ਰਿਹਾ ਹਵਾ ਜੀਵਨ ਦਾ ਹਰ ਸੁਆਸ ਹੈ ।

– o –

## ਗ਼ਜ਼ਲ–੧੩

ਅੱਥਰੂ ਨਾ ਕਿਸੇ ਅੱਖ ਦੇ ਸਦਾ ਕੋਲ ਰਹੇ ਨੇ,
ਨਜ਼ਰਾਂ ਤੋਂ ਗਿਰੇ ਫਿਰ ਭੀ ਨਜ਼ਰ ਟੋਲ ਰਹੇ ਨੇ ।

ਲਗਦਾ ਹੈ ਕੋਈ ਚੰਨ ਨਵਾਂ ਹੋਰ ਚੜ੍ਹੇਗਾ,
ਚੁੰਨੀਂ ਦੇ ਤੇਰੇ ਤਾਰੇ ਬੜੇ ਡੋਲ ਰਹੇ ਨੇ ।

ਬਖ਼ਸ਼ੀ ਹੈ ਤੇਰੀ ਚੁਪ ਨੇ ਜ਼ਬਾਨ ਇੱਕ ਐਸੀ,
ਚੁਪ ਚਾਪ ਮੇਰੇ ਜ਼ਖ਼ਮ ਦੁਆ ਬੋਲ ਰਹੇ ਨੇ ।

ਨਿਖਰੇ ਨੇ ਦੁਆ ਵਾਂਗ ਮੇਰੀ ਹਾਰ ਦੇ ਅਥਰੂ,
ਇਸ ਲਈ ਕਿ ਤੇਰੀ ਯਾਦ ਦੇ ਉਹ ਕੋਲ ਰਹੇ ਨੇ ।

ਹੰਝੂਆਂ ਦੇ ਕਿਤੇ ਦਾਗ਼ ਨਾ ਪੈ ਜਾਣ ਨਜ਼ਰ ਤੇ,
ਡਰ ਡਰ ਕੇ ਮੇਰੇ ਨੈਣ ਪਲਕ ਖੋਲ੍ਹ ਰਹੇ ਨੇ ।

ਮੁੱਕਣਾ ਹੈ ਤੇਰੇ ਗ਼ਮ ਨੇ ਮੇਰੀ ਜਾਨ ਨੇ ਇੱਕ ਦਿਨ,
ਨਿਤ ਨਿਤ ਕਿਉਂ ਤੇਰੇ ਕਾਗ ਬੁਰਾ ਬੋਲ ਰਹੇ ਨੇ ।

ਪਾਗਲ ਨੇ ਬੜੇ 'ਜੋਗੀ' ਤੇਰੇ ਗ਼ਮ ਦੇ ਵਰੋਲੇ,
ਇੱਕ ਪੈੜ ਮਿਟਾ ਆਪ ਹੀ ਫਿਰ ਟੋਲ ਰਹੇ ਨੇ ।

– o –



## ਗ਼ਜ਼ਲ–੧੪

ਰਾਹਾਂ ਨੂੰ ਸਹਾਰਾ ਮੰਜ਼ਲ ਦਾ ਮੰਜ਼ਲ ਦਾ ਸਹਾਰਾ ਕੌਣ ਬਣੇ,
ਇੱਕ ਨਜ਼ਰ ਨਜ਼ਾਰਾ ਦੁਨੀਆਂ ਦਾ ਪਰ ਉਸ ਦਾ ਨਜ਼ਾਰਾ ਕੌਣ ਬਣੇ ।

ਮੇਰੇ ਨੈਣ ਦੇ ਨੀਰ ਤੇ ਹੈ ਨਿਰਭਰ ਤੇਰੇ ਰੇਸ਼ਮੀ ਪੱਲੂ ਦੀ ਹਸਤੀ,
ਆਪੇ 'ਚੀਂ ਉਲਝੀਆਂ ਨੇ ਤੰਦਾਂ ਇਸ ਲਈ ਕਿ ਕਿਨਾਰਾ ਕੌਣ ਬਣੇ ।

ਲਹਿਰਾਂ ਵਿਚ ਡੁਬਦੀ ਨੱਈਆ ਨੂੰ ਕਈ ਵਾਰ ਸਹਾਰਾ ਲਹਿਰਾਂ ਦਾ,
ਹੰਝੂਆਂ ਵਿਚ ਡੁਬਦੀ ਜ਼ਿੰਦਗੀ ਦਾ ਪਰ ਪਾਰ ਉਤਾਰਾ ਕੌਣ ਬਣੇ ।

ਮੰਜ਼ਲ ਹੈ ਖ਼ੁਸ਼ੀ ਪਰ ਗ਼ਮ  ਰਸਤਾ ਅਨਜਾਣ ਜਿਹਾ ਦਿਲ ਰਾਹੀ ਹੈ ।
ਗਿਰਿਆ ਜੇ ਹੁਸਨ ਦੀ ਠੋਕਰ ਸੰਗ ਰੱਬ ਜਾਣੇ ਸਹਾਰਾ ਕੌਣ ਬਣੇ ।

ਤੇਰੇ ਇਸ਼ਕ ਦੀ ਮੰਜ਼ਲ ਚੋਂ 'ਜੋਗੀ' ਮੇਰਾ ਪੰਧ ਅਜੇ ਕੁਝ ਬਾਕੀ ਹੈ,
ਐ ਰੂਪ ਜ਼ਰਾ ਕੁਝ ਸੋਚਣ ਦੇ ਤੈਥੋਂ ਅਗਲਾ ਹੁਲਾਰਾ ਕੌਣ ਬਣੇ ।

– o –

## ਗ਼ਜ਼ਲ–੧੫

ਚੁਪ ਚਾਪ ਖੜੇ ਮੇਰੇ ਗੁਨਾਹ ਦੇਖ ਰਹੇ ਨੇ,
ਇੱਕ ਹੋਰ ਗੁਨਾਹ ਕਰਦੀ ਦੁਆ ਦੇਖ ਰਹੇ ਨੇ ।

ਦੋਸ਼ਾਂ ਨੇ ਲਿਆ ਜਦ ਤੋਂ ਦੁਆ ਤੇਰਾ ਸਹਾਰਾ,
ਮੁਸ਼ਕਲ 'ਚ ਪਈ ਉਸ ਦੀ ਦਯਾ ਦੇਖ ਰਹੇ ਨੇ ।

ਜਿਸ ਤਰਫ਼ ਜ਼ਮਾਨੇ ਦੇ ਕਦਮ ਜਾਣਗੇ ਕਲ੍ਹ ਨੂੰ,
ਉਸ ਤਰਫ਼ ਕੋਈ ਪੈੜ ਖ਼ੁਦਾ ਵੇਖ ਰਹੇ ਨੇ ।

ਨਿਤ ਨਿਤ ਹੀ ਨਵਾਂ ਤੱਕ ਕੇ ਤੇਰਾ ਰੂਪ ਸਿਆਣੇ,
ਬਦਲੀ ਹੋਈ ਮੌਲਾ ਦੀ ਨਿਗਾਹ ਦੇਖ ਰਹੇ ਨੇ ।

ਜਿਸ ਰਾਹ ਤੇ ਤੇਰੇ ਪੈਰ ਦੀ ਇੱਕ ਛਣਕ ਪਈ ਸੀ,
ਬਰਸਾਂ ਤੋਂ ਮੇਰੇ ਗੀਤ ਉਹ ਰਾਹ ਦੇਖ ਰਹੇ ਨੇ ।

ਤਕਦਾ ਸੀ ਤੇਰੇ ਵਲ ਨੂੰ ਮੈਂ ਦੁਨੀਆਂ ਤੋਂ ਚੋਰੀ,
ਵੇਖਾਂ ਤਾਂ ਸਭੀ ਤੇਰੇ ਸਿਵਾ ਦੇਖ ਰਹੇ ਨੇ ।

ਸੰਘਣਾ ਹੈ ਬੜਾ ਭਾਵੇਂ ਤੇਰੀ ਲਟ ਦਾ ਹਨੇਰਾ,
ਇਸ ਥੀਂ ਵੀ ਕਈ 'ਜੋਗੀ' ਉਸ਼ਾ ਦੇਖ ਰਹੇ ਨੇ ।

— o —



## ਗ਼ਜ਼ਲ–੧੬

ਬੀਤ ਗਈ ਹੈ ਰੈਣ ਭੀ ਆਈ ਨਾ ਪਰ ਸਵੇਰ ਹੈ,
ਚੰਨਾਂ ਤੇਰੇ ਜਹਾਨ ਦਾ ਕਿੰਨਾਂ ਹੁਸੀਨ ਨ੍ਹੇਰ ਹੈ ।

ਚਲਦਾ ਰਿਹਾ ਹੈ ਆਦ ਤੋਂ ਹਰ ਦਮ ਸਮੇਂ ਦਾ ਕਾਫ਼ਲਾ,
ਰੁਕਣਾ ਹੈ ਓਸ ਭੀ ਜ਼ਰਾ ਤੇਰੀ ਨਜ਼ਰ ਦੀ ਦੇਰ ਹੈ ।

ਗ਼ਮ ਜੋ ਨਸੀਬ ਬਣ ਗਿਆ ਆਸ ਭੀ ਬਣ ਗਈ ਸਬਰ,
ਇਹ ਭੀ ਤਾਂ ਗ਼ਮ ਦੇ ਦਾਤਿਆ ਤੇਰੀ ਅਪਾਰ ਮਿਹਰ ਹੈ ।

ਲੈ ਦੇ ਕੇ ਤੇਰੇ ਜ਼ਿੰਦਗੀ ਬਾਕੀ ਰਹੇ ਨਿਸ਼ਾਨ ਦੋ,
ਇੱਕ ਯਾਦ ਜੋ ਨਾ ਜਲ ਸਕੀ ਇੱਕ ਬੁਝ ਗਈ ਦਾ ਢੇਰ ਹੈ ।

ਤੇਰਾ ਮਿਟਾ ਕੇ ਗ਼ਮ ਕਦੀ ਹੋਈ ਨਸੀਬ ਨਾ ਖ਼ੁਸ਼ੀ,
ਗ਼ਮ ਭੀ ਤੂੰ ਹੀ, ਖ਼ੁਸ਼ੀ ਭੀ ਤੂੰ ਸੋਚ ਦਾ ਸਾਰਾ ਫੇਰ ਹੈ ।

ਐ ਹੋਂਦ ਹੈ ਅਹੋਂਦ ਹੀ ਤੇਰਾ ਆਦਿ ਭੀ ਤੇ ਅੰਤ ਭੀ,
ਜਲੇ ਜੋ ਰਾਤ ਤਾਂ ਬਣੇ ਉਹ ਨੂਰ ਜੋ ਸਵੇਰ ਹੈ ।

'ਜੋਗੀ' ਤੇਰਾ ਸਫ਼ਰ ਬੜਾ ਕਾਹਲੀ ਉਠਾ ਕਦਮ ਜ਼ਰਾ,
ਹੈ ਚਾਰ ਦਿਨ ਦੀ ਚਾਂਦਣੀ ਤੇ ਫੇਰ ਨੂਰ ਨ੍ਹੇਰ ਹੈ ।

— o —

## ਗ਼ਜ਼ਲ–੧੭

ਲਗਦਾ ਹੈ ਬੜਾ ਗ਼ਮ ਭੀ ਉਦਾਸ ਅੱਜ ਯਾਰੋ,
ਧੁੰਦਲੇ ਨੇ ਚਿਤਰ ਇਸ ਦੇ ਜ਼ਰਾ ਹੋਰ ਨਿਖਾਰੋ ।

ਇੱਕ ਉਮਰ ਬਿਤਾਈ ਹੈ ਜਿਹੜੇ ਗ਼ਮ ਦੇ ਸਹਾਰੇ,
ਦੋ ਪੱਲ ਤਾਂ ਦਮੋ ਓਸ ਦੀ ਮੁਸ਼ਕਲ ਦੇ ਗੁਜ਼ਾਰੋ ।

ਯਾਦੋ ਮੈਂ ਜ਼ਰਾ ਹੋ ਕੇ ਜ਼ਮਾਨੇ ਤਕ ਆਇਆ,
ਉਲਝੀ ਹੋਈ ਔਂਸੀ ਦੀ ਤੁਸੀਂ ਲਟ ਤਾਂ ਸੰਵਾਰੋ ।

ਸਾਹਾਂ ਦੇ ਕਦਮ ਤੇਜ਼ ਨੇ ਮੁੱਕ ਜਾਣ ਨਾ ਪੈਂਡੇ,
ਇੱਕ ਆਖ਼ਰੀ ਧੋਖਾ ਹੀ ਬਖ਼ਸ਼ ਦੇਵੋ ਕਰਾਰੋ ।

ਟਿਕ ਜਾਣਗੇ ਆਪੇ ਹੀ ਦਰਦ ਹੋਰ ਤੜਪ ਕੇ,
ਵਸਲਾਂ ਤੋਂ ਤੁਸੀਂ ਦੂਰ ਨਿਕਲ ਜਾਓ ਪਿਆਰੋ ।

ਲਉਗੇ ਕਦੀ ਮੇਰੀ ਭੀ ਲਗ਼ਜ਼ਿਸ਼ ਦਾ ਸਹਾਰਾ,
ਥੋਡੇ ਭੀ ਤਾਂ ਡੋਲਣਗੇ ਕਦੀ ਪੈਰ ਸਹਾਰੋ ।

ਹਰ ਪੈਰ ਤੇ 'ਜੋਗੀ' ਦੇ ਕਈ ਦਾਗ਼ ਜਲਣਗੇ,
ਮੰਜ਼ਲ ਨਾ ਕਿਤੇ ਜਾਣ ਕੇ ਰੁੱਕ ਜਾਣਾ ਕਹਾਰੋ ।

– o –



## ਗ਼ਜ਼ਲ–੧੮

ਦੋ ਪੈਰ ਲੱਟ ਦੇ ਨ੍ਹੇੜੇ ਵਲ ਮੇਰੇ ਗ਼ਮ ਨੇ ਜਦ ਉਠਾਏ,
ਸਭ ਜ਼ਿੰਦਗੀ ਦੇ ਪੈਂਡੇ ਮੇਰੇ ਪੈਰ ਵਲ ਨੂੰ ਆਏ ।

ਮੇਰਾ ਸਿਦਕ ਨਿਕਲ ਆਇਆ ਉਹਦੇ ਦਰ ਤੋਂ ਜਦ ਅਗੇਰੇ,
ਮੈਨੂੰ ਕਰਨ ਲਈ ਵਿਦਾ ਉਹ ਬੜੀ ਦੂਰ ਤਕ ਸੀ ਆਏ ।

ਉਹਦਾ ਰੂਪ ਵੇਖਿਆ ਮੈਂ ਦੋ ਚਾਰ ਪਲ ਜਵਾਲਾ,
ਮਰ ਮਰ ਕੇ ਜ਼ਬਤ ਮੇਰੇ ਉਹਦੇ ਰੋਸ ਜਦ ਮਨਾਏ ।

ਮੈਂ ਤੇ ਭਾਲਦਾ ਸੀ ਬਾਹਰ ਦੁਰਸੀਸ ਦਿਲ 'ਚੋਂ ਆਈ,
ਤੇਰੀ ਨਜ਼ਰ ਬੇ-ਪਛਾਣੀ ਕਦੀ ਦੀਦ ਤੱਕ ਨਾ ਜਾਏ ।

ਦਿਲ ਸੋਚਦਾ ਸੀ ਮਿਲ ਕੇ ਉਹਦਾ ਨੇੜ ਮਿਲ ਸਕੇਗਾ ,
ਪਰ ਮਿਲ ਕੇ ਹੋ ਗਏ ਉਹ ਕੁਝ ਹੋਰ ਭੀ ਪਰਾਏ ।

ਅੱਥਰੂ ਟੁਰੇ ਜੋ ਬਣ ਕੇ ਮੇਰੇ ਗ਼ਮ ਦੇ ਨਾਲ ਸਾਥੀ,
ਤੇਰੀ ਯਾਦ ਤਕ ਤਾਂ ਪਹੁੰਚੇ ਤੇਰੀ ਦੀਦ ਤਕ ਨਾ ਆਏ ।

ਮੁੜ ਮੁੜ ਕੇ ਵੇਖਦਾ ਹੈ ਅੱਜ ਭੀ ਉਹ ਥਾਂ ਜ਼ਮਾਨਾ,
ਜਿਸ ਥਾਂ ਤੇਰੇ ਹੁਸਨ ਦੇ 'ਜੋਗੀ' ਨੇ ਗੀਤ ਗਾਏ ।

– o –

## ਗ਼ਜ਼ਲ–੧੯

ਜਦ ਜਦ ਵੀ ਕੋਈ ਮੇਰੀ ਖ਼ਬਰ ਸਾਰ ਨੂੰ ਆਇਆ,
ਅਪਣਾ ਹੀ ਸਦਾ ਉਸ ਨੇ ਦੁੱਖ ਦਰਦ ਸੁਣਾਇਆ ।

ਬੇਸ਼ੱਕ ਹੈ ਨਹੀਂ ਬਾਕੀ ਕੋਈ ਉਸ ਦੀ ਨਿਸ਼ਾਨੀ,
ਇੱਕ ਵਾਰ ਤਾਂ ਹਰ ਦਿਲ ਨੇ ਹੈ ਪਰ ਤਾਜ* ਬਣਾਇਆ ।

ਆਪਣੀ ਹੀ ਕਥਾ ਨਿਕਲੀ ਜਦੋਂ ਤੇਰੀ ਕਹਾਣੀ,
ਐ ਰੂਪ ਬੜਾ ਤਰਸ ਤੇਰੇ ਹਾਲ ਤੇ ਆਇਆ ।

ਦਿਲ ਨੇ ਤਾਂ ਤੇਰੇ ਗ਼ਮ ਨੂੰ ਬੜਾ ਕੋਲ ਬਿਠਾਇਆ,
ਪਰ ਗ਼ਮ ਹੀ ਰਿਹਾ ਤੇਰਾ ਤੇਰੇ ਵਾਂਗ ਪਰਾਇਆ ।

ਐ ਦਰਦ ਤੇਰੀ ਹੋਂਦ ਹੈ ਇੱਕ ਆਸ ਨਿਰਾਸੀ,
ਉਸੇ ਨੂੰ ਮਿਟਾ ਦੇਣ ਨੂੰ ਕਿਉਂ ਜ਼ੋਰ ਤੂੰ ਲਾਇਆ ।

ਐ ਦਰਦ ਤੇਰੇ ਬਾਅਦ ਜ਼ਰਾ ਚੈਨ ਤਾਂ ਆਇਆ,
ਪਰ ਦਰਦ ਗਂਵਾ ਕੇ ਮੈਂ ਬੜਾ ਚੈਨ ਗਵਾਇਆ ।

ਕੁਝ ਹੋਰ ਚਲੋ ਸਾਹੋ ਕਿ ਦੁਨੀਆਂ ਕੀ ਕਹੇਗੀ,
'ਜੋਗੀ' ਵੇ ਤੇਰੇ ਰੋਗ ਤੇ ਜੋਬਨ ਵੀ ਨਾ ਆਇਆ ।

* ਤਾਜ ਮਹੱਲ

– o –



## ਗ਼ਜ਼ਲ–੨੦

ਤੇਰੇ ਦਰ ਤੇ ਜੇ ਨਿਆਂ ਨਹੀਂ ਕੁਝ ਮਿਹਰ ਤਾਂ ਜ਼ਰੂਰ ਹੈ,
ਮੇਰੇ ਸਬਰ ਨੂੰ ਸਜ਼ਾ ਨਾ ਦੇ ਤੇਰੀ ਨਜ਼ਰ ਦਾ ਕਸੂਰ ਹੈ ।

ਤੇਰੀ ਕਨਖੀਆਂ ਦੀ ਝਾਕਣੀ ਮੇਰੀ ਮੌਜ ਨਾ ਸਮਝ ਸਕੀ,
ਤੇਰਾ ਲੁਕ ਕੇ ਦੇਖਣਾ ਹੀ ਤਾਂ ਮੇਰੇ ਇਸ਼ਕ ਦਾ ਗ਼ਰੂਰ ਹੈ ।

ਤੇਰੇ ਦਰ ਤੇ ਪਹੁੰਚਣਾ ਮੇਰਾ ਕੁਝ ਲਗ਼ਜ਼ਿਸ਼ਾਂ ਦੀ ਕਾਰ ਸੀ,
ਵਰਨਾ ਤੇਰੇ ਦਰੋਂ ਮੇਰਾ ਪਹਿਲਾ ਪੜਾਅ ਵੀ ਦੂਰ ਹੈ ।

ਤੇਰੇ ਦਰ ਤੇ ਆ ਕੇ ਜ਼ਿੰਦਗੀ ਇੱਕ ਵਾਜ ਦੀ ਤਰ੍ਹਾਂ ਸੁਣੀ,
ਅਜੇ ਜ਼ਿੰਦਗੀ ਉਹ ਪਾਂਧੀਆ ਇੱਕ ਜ਼ਿੰਦਗੀ ਭਰ ਦੂਰ ਹੈ ।

ਗ਼ਮ ਜਲ ਕੇ ਨੂਰ ਹੋ ਗਿਆ ਮੇਰਾ ਸਿਦਕ ਰੂਪ ਹੋ ਗਿਆ ।
ਮੇਰੀ ਹਰ ਨਜ਼ਰ ਹੈ ਬੰਦਗੀ ਮੇਰੀ ਹਰ ਜਲਨ ਸਰੂਰ ਹੈ ।

ਮੇਰਾ ਸ਼ੁਕਰ ਕਰ ਐ ਜ਼ਿੰਦਗੀ ਤੇਰਾ ਸਾਥ ਦੇ ਰਿਹਾ ਹਾਂ ਮੈਂ,
ਹਾਲਾਂ ਤੇਰੇ ਮੁਕਾਮ ਤੋਂ ਮੇਰਾ ਮੁਕਾਮ ਦੂਰ ਹੈ ।

ਐ ਅੰਤ ਤੂੰ ਭੀ ਦੋ ਕਦਮ ਮੇਰੀ ਪੀੜ ਵੱਲ ਨੂੰ ਆ ਜ਼ਰਾ,
ਤੇਰੇ ਪੈਂਡਿਆਂ ਤੇ ਟੁਰਦਿਆਂ ਮੇਰਾ ਅੰਗ ਅੰਗ ਚੂਰ ਹੈ ।

– o –

## ਗ਼ਜ਼ਲ–੨੧

ਲੱਖ ਸ਼ੁਕਰ ਤੇਰਾ ਸਾਕੀ ਗ਼ਮ ਪੀਣ ਤੂੰ ਸਿਖਾਇਆ,
ਮੇਰੀ ਪਿਆਸ ਨੂੰ ਹੀ ਮੇਰਾ ਮੈ–ਖ਼ਾਨਾ ਤੈਂ ਬਣਾਇਆ

ਤੇਰਾ ਦਰਦ ਬਣ ਗਿਆ ਹੁਣ ਮੇਰੇ ਰੋਗ ਦੀ ਦਵਾਈ,
ਐਸਾ ਜਾਮ ਬੇ–ਸੁਧੀ ਦਾ ਤੇਰੀ ਹੋਸ਼ ਨੇ ਪਿਲਾਇਆ ।

ਤੇਰੀ ਠੋਕਰਾਂ ਦੇ ਸਦਕੇ ਮੇਰੇ ਨਸੀਬ ਜਾਗੇ,
ਮੰਜ਼ਲ ਨੇ ਆਪ ਆ ਕੇ ਮੈਨੂੰ ਰਾਹ ਮੇਰਾ ਦਿਖਾਇਆ ।

ਤੇਰੀ ਯਾਦ ਬਣ ਸਵਾਲੀ ਮੇਰੇ ਦਰ ਤੇ ਆ ਖੜੀ ਹੈ,
ਪੱਥਰਾਂ ਦੀ ਕਰਨ ਪੂਜਾ ਭਗਵਾਨ ਆਪ ਆਇਆ ।

ਮੇਰੀ ਬੇਸਵਾਬ ਐਂਸੀ ਢਾਹ ਦੇਵੋ ਵਾ ਦੇ ਬੁਲ੍ਹਿਓ,
ਅਪਣਾ ਜਨੂੰਨ ਮੈਨੂੰ ਮੈਥੋਂ ਕਰ ਰਿਹਾ ਪਰਾਇਆ ।

ਚਿੰਤਾ ਮਿਟੀ ਮਿਟਣ ਦੀ ਹੁਣ ਹੋਂਦ ਦਾ ਫ਼ਿਕਰ ਨਹੀਂ,
ਮੇਰਾ ਹਰ ਨਿਰਾਸ ਸੁਪਨਾ ਤੇਰਾ ਰੂਪ ਬਣ ਕੇ ਆਇਆ ।

ਹਰ ਕਦਮ ਮੇਰੀ ਮੰਜ਼ਲ ਹਰ ਲਹਿਰ ਹੁਣ ਕਿਨਾਰਾ,
ਹਸਤੀ ਮਿਟਾ ਕੇ 'ਜੋਗੀ' ਜੀਵਨ ਦਾ ਭੇਤ ਪਾਇਆ ।

– o –



## ਗ਼ਜ਼ਲ–੨੨

ਮਨ ਡੋਲਦਾ ਹੈ ਮੌਲਾ ਮੇਰਾ ਭੇਦ ਖੁਲ੍ਹ ਨਾ ਜਾਏ,
ਉਹਦੀ ਬੇ–ਖ਼ਬਰ ਨਜ਼ਰ ਤੋਂ ਕਿਤੇ ਨੀਰ ਡੁਲ੍ਹ ਨਾ ਜਾਏ ।

ਦਿਲ ਪਾ ਰਿਹਾ ਹੈ ਐਂਸੀ ਪਰ ਸੋਚ ਨੂੰ ਇਹ ਡਰ ਹੈ,
ਉਹਦੀ ਯਾਦ ਦੇ ਨਸ਼ੇ ਸੰਗ ਉਹਦੀ ਯਾਦ ਭੁੱਲ ਨਾ ਜਾਏ ।

ਮੇਰੀ ਨਿਵਣ ਓਸ ਦਰ ਤੇ ਨਾ ਕਦੀ ਵੀ ਜਾ ਸਕੇਗੀ,
ਮੇਰਾ ਪੈਰ ਉਠਦੇ ਉਠਦੇ ਜੀਹਦਾ ਬਾਰ ਖੁਲ੍ਹ ਨਾ ਜਾਏ ।

ਤੇਰੇ ਚਿਹਨ ਹੋ ਰਹੇ ਨੇ ਹੰਝੂਆਂ ਦੀ ਧੁੰਦ ਨਾ' ਧੁੰਦਲੇ,
ਮੈਨੂੰ ਡਰ ਹੈ ਮੇਰੀ ਤਸਬ੍ਹੀ ਤੇਰਾ ਨਾਂ ਵੀ ਭੁੱਲ ਨਾ ਜਾਏ ।

ਉਹਦੀ ਆਖ਼ਰੀ ਨਿਸ਼ਾਨੀ ਮੇਰਾ ਦਾਗ਼ਦਾਰ ਚੋਲਾ,
ਬਚ ਬਚ ਕੇ ਚਲਣਾ ਹੰਝੂਓ ਇਹਦਾ ਦਾਗ਼ ਧੁਲ ਨਾ ਜਾਏ ।

ਇੱਕ ਹੋਰ ਬਖ਼ਸ਼ ਠੋਕਰ ਐ ਗ਼ਮ ਮੇਰੀ ਦੁਆ ਨੂੰ,
ਕਿਤੇ ਜ਼ਿੰਦਗੀ ਦਾ ਰਾਹੀ ਉਹਦੀ ਦੇਣ ਭੁੱਲ ਨਾ ਜਾਏ ।

ਗ਼ਮ ਪੀ ਕੇ ਹੀ ਭੁਲਾ ਦੇ ਉਸ ਵਟ ਦੀ ਛੇੜ 'ਜੋਗੀ',
ਕਿਤੇ ਜਾਮ ਚੁਕਦੇ ਚੁਕਦੇ ਘਟਾ ਹੋਰ ਝੁੱਲ ਨਾ ਜਾਏ ।

– o –

## ਗ਼ਜ਼ਲ–੨੩

ਇੱਕ ਸਾਹ ਤੋਂ ਪਰੇ ਮੌਤ ਉਰੇ ਜਾਨ ਖੜੀ ਹੈ,
ਜਿੰਦ ਹੈ ਕਿ ਕਲ੍ਹੀ ਫੇਰ ਵੀ ਅਰਮਾਨ ਖੜੀ ਹੈ।

ਬੰਦਗੀ ਨੂੰ ਮਿਲੀ ਭੀਖ ਨਾ ਜਿਸ ਆਸ ਦੇ ਦਰ ਤੋਂ,
ਜ਼ਿੰਦਗੀ ਵੀ ਉਸੇ ਦਰ ਤੇ ਹੀ ਅਨਜਾਣ ਖੜੀ ਹੈ ।

ਐ ਪੀੜ ਤੇਰਾ ਸ਼ੁਕਰ ਤੇਰੀ ਮਿਹਰ ਦੇ ਸਦਕੇ,
ਹੰਝੂਆਂ ਦੀ ਹਰ ਇੱਕ ਪੈੜ ਤੇ ਮੁਸਕਾਨ ਖੜੀ ਹੈ ।

ਚੁੱਪ ਚਾਪ ਚਲੇ ਆਉ ਕਿ ਇਸ ਤਾਲ ਦੇ ਆਂਗਨ,
ਟੁਟ ਗਈ ਜੋ ਕਿਸੇ ਰਾਗ ਦੀ ਇਕ ਤਾਨ ਖੜੀ ਹੈ ।

ਕੁਛ ਹੋਰ ਚਲੋ ਸਾਹੋ ਕਿ ਅੱਜ ਭੁਲ ਦੇ ਦੁਆਰੇ,
ਰਾਹ ਭੁਲ ਕੇ ਭੁਲੀ ਯਾਦ ਕੋਈ ਆਣ ਖੜੀ ਹੈ ।

ਕੁਝ ਤੂੰ ਵੀ ਕਟਾ ਵਕਤ ਮੇਰਾ ਰੋਗ ਦੇ ਵੈਦਾ!
ਇੱਕ ਛੋਹ ਤੋਂ ਬਿਨਾਂ ਕੈਦ ਮੇਰੀ ਜਾਨ ਖੜੀ ਹੈ ।

ਐ ਅੰਤ ਜ਼ਰਾ ਖੋਲ੍ਹ ਦੇ ਦਰ ਵਿਸ਼ਰਾਮ ਕਰਨ ਦੇ,
'ਜੋਗੀ' ਦੀ ਜਲਨ ਚਿਰ ਤੋਂ ਤੇਰੀ ਮਹਿਮਾਨ ਖੜੀ ਹੈ ।

– 0 –



## ਗ਼ਜ਼ਲ–੨੪

ਹੰਝੂਓ ਨਾ ਮੇਰੇ ਦਿਲ ਤੇ ਬਣੀ ਆਮ ਬਣਾਓ,
ਬਿਨ ਕੀਤੇ ਕੋਈ ਦੋਸ਼ ਨਾ ਬਦਨਾਮ ਬਣਾਓ ।

ਆਸਾਂ ਤੋਂ ਤੇਰਾ ਨੂਰ ਬੜੀ ਦੂਰ ਦੁਪਹਿਰਾ,
ਦੀਵੇ ਦੇ ਥਲੇ ਲਾਟ ਲਟੇ ਸ਼ਾਮ ਬਣਾਓ ।

ਮੇਰੇ ਤੋਂ ਮੇਰਾ ਆਪਾ ਹੈ ਕਈ ਜਨਮ ਦੁਰੇਡਾ,
ਮੁੱਕ ਜਾਣ ਇਹ ਸਭ ਪੈਂਡੇ ਇੱਕ ਜਾਮ ਬਣਾਓ ।

ਨਜ਼ਰਾਂ ਤੋਂ ਗਿਰੇ ਨੀਰ ਨੇ ਬਹੁ ਦੂਰ ਹੈ ਜਾਣਾ,
ਪਲਕਾਂ ਦੇ ਲਵੇ ਏਸ ਦਾ ਵਿਸ਼ਰਾਮ ਬਣਾਓ ।

'ਜੋਗੀ' ਨੇ ਲਈ ਸੁਰਤ ਗੰਵਾ ਹੋਸ਼ ਦੇ ਨ੍ਹੇਰੇ,
ਕੁਝ ਦਿਲ ਦੇ ਜਗਣ ਦਾਗ਼ ਜ਼ਰਾ ਜਾਮ ਬਣਾਓ ।

– 0 –

## ਗ਼ਜ਼ਲ–੨੫

ਸਮੇਂ ਤੇਰੀ ਕਹਾਣੀ ਭੀ ਨਿਆਰੀ ਹੈ,
ਕਿ ਤੇਰੀ ਯਾਦ ਤੈਥੋਂ ਭੀ ਪਿਆਰੀ ਹੈ ।

ਨਸ਼ਾ ਟੁੱਟਿਆ ਜਵਾਨੀ ਦਾ ਤਾਂ ਕੀ ਹੋਇਆ,
ਨਸ਼ੇ ਦੀ ਯਾਦ ਭੀ ਤਾਂ ਇੱਕ ਖ਼ੁਮਾਰੀ ਹੈ ।

ਫ਼ਿਕਰ ਤੇਰੇ ਤੇਰੀ ਲਟ ਨਾਲ ਕਿਉਂ ਉਲਝੇ,
ਇਹ ਉਲਝੀ ਲਟ ਭਲਾ ਕੀਹਨੇ ਸੰਵਾਰੀ ਹੈ ।

ਤੇਰੀ ਚੁੱਪ ਦਾ ਉਲਾਂਭਾ ਇਉਂ ਨਜ਼ਰ ਦੇਵੇ,
ਕਿ ਦੇ ਕੇ ਖੰਭ ਕਿਉਂ ਰੋਕੀ ਉਡਾਰੀ ਹੈ ।

ਮੇਰੇ ਹੰਝੂਆਂ ਨਾ' ਤੇਰੀ ਮਿਟ ਗਈ ਔਂਸੀ,
ਅਜੇ ਪਰ ਆਸ ਨੇ ਬਾਜ਼ੀ ਨਾ ਹਾਰੀ ਹੈ ।

ਬਹੁਤ ਧੰਨਵਾਦ ਗ਼ਮ ਦੇ ਦਾਤਿਆ ਤੇਰਾ,
ਕਿ ਮੇਰੀ ਜ਼ਿੰਦਗੀ ਗ਼ਮ ਨੇ ਸ਼ਿੰਗਾਰੀ ਹੈ ।

ਤੇਰੇ ਸੀਨੇ ਤੇ ਉਭਰੇ ਕਲਸ ਮੰਦਰ ਦੇ,
ਇਹ 'ਜੋਗੀ' ਇਸ ਲਈ ਤੇਰਾ ਪੁਜਾਰੀ ਹੈ ।

– o –



## ਗ਼ਜ਼ਲ–੨੬

ਹਰ ਤਾਰਾ ਹੈ ਇੱਕ ਦੁਨੀਆਂ ਹਰ ਧਰਤ ਸਿਤਾਰਾ ਹੈ,
ਫਿਰ ਗ਼ਮ ਨੂੰ ਤੇਰਾ ਦਰ ਹੀ ਕਿਉਂ ਆਲਮ ਸਾਰਾ ਹੈ ।

ਇੱਕ ਉਮਰ ਰਿਹਾ ਦਿਲ ਤੇ ਚੰਦਾ ਦਾ ਹੁਸਨ ਜਾਦੂ,
ਅੱਜ ਜਾਣ ਲਿਆ ਖੋਜਾਂ ਇਹਦਾ ਰੂਪ ਉਧਾਰਾ ਹੈ ।

ਧਰਤੀ ਤੇ ਰਿਹਾ ਹਸਦਾ ਜੁਗ ਜੁਗ ਜੋ ਗਗਨ ਨੀਲਾ,
ਥੱਕੀਆਂ ਹੋਈਆਂ ਨਜ਼ਰਾਂ ਦੀ ਇੱਕ ਮਜ਼ਲ* ਅਵਾਰਾ ਹੈ ।

ਵਹਿਣਾਂ ਦਿਆਂ ਰੋਹੜਾਂ ਤੋਂ ਬੱਚ ਜਾਣ ਜੋ ਕੁਝ ਕਿਣਕੇ,

ਹਰੀਆਂ ਹੋਈਆਂ ਹਿੰਮਤਾਂ ਨੂੰ ਦਿਸਦਾ ਉਹ ਕਿਨਾਰਾ ਹੈ ।

ਐ ਅਗਨ ਬੜਾ ਮੁਸ਼ਕਲ ਸੂਰਜ ਦਾ ਸੁਆਹ ਹੋਣਾ,
ਮਿਟਣਾ ਹੀ ਨਹੀਂ ਜਿਸ ਨੇ ਉਸ ਦਿਲ ਦਾ ਅੰਗਾਰਾ ਹੈ ।

ਪਾਸਾ ਭੀ ਬਦਲ ਲਏ ਜੇ ਕੀ ਫ਼ਰਕ ਭਲਾ ਉਸ ਨੂੰ,
ਆਪਣੀ ਹੀ ਅਗਨ ਸੜਦਾ ਜੋ ਕਰਮਾਂ ਮਾਰਾ ਹੈ ।

ਸੂਰਜ ਦੇ ਭੀ ਦੀਪਕ ਨੂੰ ਉਹ ਰਾਤ ਨਹੀਂ ਲਭਣੀ,
ਜਿਸ ਰਾਤ ਲਈ ਜਲਦਾ ਅਜ਼ਲਾਂ ਤੋਂ ਵਿਚਾਰਾ ਹੈ ।

ਕੁਝ ਹਸ ਲੈ ਹਨੇਰੇ ਤੇ ਐ ਦੀਪ ਦੀਏ ਲਾਟੇ,
ਤੇਰਾ ਆਦਿ ਵੀ ਨ੍ਹੇਰਾ ਸੀ ਤੇਰਾ ਅੰਤ ਅੰਧਾਰਾ ਹੈ ।

'ਜੋਗੀ' ਇਹ ਤੇਰੀ ਹਸਤੀ ਨਿਰਭਰ ਹੈ ਨਾ ਹੋਵਣ ਤੇ,
ਮਿੱਟ ਜਾਣ ਦੀਆਂ ਆਸਾਂ ਤੇਰੇ ਗ਼ਮ ਦਾ ਸਹਾਰਾ ਹੈ ।

– o –

*ਮੰਜ਼ਿਲ

## ਗ਼ਜ਼ਲ–੨੭

ਫ਼ਰਿਸ਼ਤੇ ਨੇ ਕਿਹਾ ਫੜ ਕੇ ਕਲਾਈ ਚੂੜੀਆਂ ਵਾਲੀ,
ਖ਼ੁਦਾਵੰਦਾ ਬਹਿਸ਼ਤਾਂ ਦੇ ਭੁਲੇਖੇ ਵਿਚ ਨਾ ਪਾ ਮੈਨੂੰ ।

ਜੇ ਕਰਨਾ ਈ ਅਮਰ ਮੈਨੂੰ ਇਹ ਖੋਹ ਕੇ ਜ਼ਿੰਦਗੀ ਮੇਰੀ,
ਮੈਂ ਖ਼ਾਕੀ ਬਣ ਕੇ ਜੀ ਲਾਂਗਾ ਤੂੰ ਨੂਰੀ ਨਾ ਬਣਾ ਮੈਨੂੰ ।

ਜੇ ਮਿਲ ਸਕਦੀ ਹੈ ਆਦਮ ਨੂੰ ਇਹ ਦੁਨੀਆਂ ਇਕ ਗੁਨਾਹ ਬਦਲੇ,
ਕਰਨ ਦੇ ਕਾਦਰਾ ਐਸੇ ਹਜ਼ਾਰਾਂ ਹੀ ਗੁਨਾਹ ਮੈਨੂੰ ।

ਮੇਰੇ ਸਾਕੀ ਦਾ ਸੀਨਾ ਪਾਕ ਹੈ ਸੌ ਬਾਰ ਮਸਜਿਦ ਤੋਂ,
ਦੋ ਗੁੰਬਦ ਪਾਕ ਸੀਨੇ ਤੇ ਮੇਰਾ ਦਸਦੇ ਖ਼ੁਦਾ ਮੈਨੂੰ ।

ਮਮੋਲੇ ਨੈਣ ਬਾਲਮ ਦੇ ਮੇਰੇ ਜੀਵਨ ਦਾ ਝੂਟਾ ਨੇ,
ਤੇਰੀ ਉਹ ਪੀਂਘ ਸੱਤ–ਰੰਗੀ ਦਿਖਾਵਾ ਜਾਪਦਾ ਮੈਨੂੰ ।



ਤੇਰੇ ਉਹ ਚੰਦ ਸੂਰਜ ਘੁੰਮ ਰਹੇ ਦੁਨੀਆ ਦੁਆਲੇ ਨੇ,
ਮੇਰੇ ਚੰਦਰ ਦੁਆਲੇ ਲੋਕ ਘੁੰਮਦਾ ਦਿਸ ਰਿਹਾ ਮੈਨੂੰ ।

ਪਿਆਲੀ ਪੀ ਕੇ ਸ਼ਾਮਾਂ ਨੇ ਊਸ਼ਾ ਦੇ ਬੁਲ੍ਹ ਰੰਗੇ ਨੇ,
ਨਜ਼ਰ ਇਸ ਰੰਗ ਵਿਚ ਆਉਂਦੀ ਹੈ ਤੇਰੀ ਭੀ ਰਜ਼ਾ ਮੈਨੂੰ ।

ਜਲੇ ਹੋਏ ਤੂਰ ਨੂੰ ਬਖ਼ਸ਼ੀ ਪਨਾਹ ਬਾਲਮ ਦੇ ਨੈਣਾਂ ਨੇ,
ਤੇਰੇ ਦੀਦਾਰ ਤੋਂ ਚੰਗੀ ਹੈ ਉਸ ਦੀ ਇਕ ਨਿਗਾਹ ਮੈਨੂੰ ।

ਮੈਂ 'ਜੋਗੀ' ਹੀਰ ਦਾ ਬਣਿਆ ਹਾਂ ਠੋਕਰ ਮਾਰ ਸੁਰਗਾਂ ਨੂੰ,
ਝਨਾਂ ਦੇ ਬੇਲਿਓ ਦਿਲ ਖੋਲ੍ਹ ਕੇ ਦੇਵੋ ਪਨਾਹ ਮੈਨੂੰ ।

– o –

## ਰੁਬਾਈ

ਪਿਆਰ ਤੇਰਾ ਕਰ ਗਿਆ ਹੈ, ਦਿਲ ਦੀਆਂ ਹੱਦਾਂ ਵੀ ਪਾਰ,
ਜ਼ਿੰਦਗੀ ਦਾ ਫ਼ਿਕਰ ਇਸ ਦੀ ਮੋੜ ਨਾ ਸਕਿਆ ਮੁਹਾਰ ।
ਸ਼ੁਕਰ ਹੈ ਜੇ ਮੌਤ ਪਿੱਛੋਂ ਗ਼ਮ ਤੇਰਾ ਹੋ ਜਾਏ ਨਸੀਬ,
(ਕਿ) ਉਹ ਸੁੰਦਰ ਹੈ ਜੀਵਨ ਦੀ ਖ਼ੁਸ਼ੀ ਤੋਂ ਲੱਖ ਵਾਰ ।



## ਯਾਦ

ਸੁੰਦਰ ਰਚਨਾ ਮ੍ਰਿੱਤ ਮੰਡਲ 'ਚੋਂ ਕਾਹਲੀ ਕੂਚ ਬੁਲਾਵੇ,
ਰੂਹ ਉੱਡ ਜਾਵੇ ਮਾਰ ਉਡਾਰੀ ਯਾਦ ਪਿਛੇ ਰਹਿ ਜਾਵੇ ।
ਐਪਰ 'ਜੋਗੀ' ਉਸ ਲਈ ਜਿਸ ਨੇ ਫੁੱਲਾਂ ਦੇ ਨਾਲ ਲਾਈਆਂ,
ਮਹਿਕ ਫੁੱਲਾਂ ਦੀ ਫੁੱਲਾਂ ਪਿੱਛੋਂ ਜ਼ਹਿਰ ਜਿਹੀ ਬਣ ਜਾਵੇ ।

## ਪੁਕਾਰ

ਇਲਮਾਂ ਦੇ ਜਨੂੰਨਾਂ ਤੋਂ ਜ਼ਰਾ ਹਸਤੀ ਨੂੰ ਬਚਾ ਲਉ,
ਓ ਹੋਸ਼–ਵਰੋ! ਹੋਸ਼ ਤੋਂ ਮਸਤੀ ਨੂੰ ਬਚਾ ਲਉ ।

ਠੋਕਰ ਕਿਤੇ ਖਾਏ ਨਾ ਹੁਣੇ ਕਾਸੇ ਨਾਲ ਕਾਸਾ,
ਨਜ਼ਰਾਂ ਤੋਂ ਪਰੇ ਦੂਰ ਸੁਰਾਹੀ ਨੂੰ ਹਟਾ ਲਉ ।

ਨ੍ਹੇਰੇ ਨੇ ਜਿਹੜੇ ਦੀਪ ਸੀ ਖ਼ੁਦ ਜਲ ਕੇ ਜਲਾਏ,
ਚੰਦ ਤੋਂ ਲਵੋ ਚਾਨਣ ਤੇ ਉਨ੍ਹਾਂ ਨੂੰ ਬਚਾ ਲਉ ।

ਸੁਪਨੇ ਨੂੰ ਜਿਹੜੀ ਨੀਂਦ ਸੀ ਸੀਨੇ ਤੇ ਖਿਡਾਂਦੀ,
ਉਸ ਨੀਂਦ ਦੇ ਪੱਲੂ ਤੋਂ ਕਿਰਨ ਦੂਰ ਹਟਾ ਲਉ ।

ਖੋਜਾਂ ਤੋਂ ਮੇਰੀ ਹੋਂਦ ਹੈ ਦਿਨ ਦੀਵੀਂ ਗਵਾਚੀ,
ਲੱਭਣਾ ਜੇ ਇਹਨੂੰ ਦਿਲ ਦੇ ਜ਼ਰਾ ਦਾਗ਼ ਜਗਾ ਲਉ ।

ਮੰਜ਼ਲ ਹੈ ਨਵੀਂ ਰਾਹੀ ਨੇ ਘਬਰਾ ਕੇ ਬਣਾ ਲਈ,
ਇੱਕ ਪੈਰ ਰੁਕੋ ਉਸ ਨੂੰ ਜ਼ਰਾ ਨਾਲ ਰਲਾ ਲਉ ।



ਕਿਉਂ ਚੰਦ ਦੇ ਟੁਕੜੇ ਨੂੰ ਮੇਰੀ ਈਦ ਉਡੀਕੇ,
ਨਿਉਂ ਜਾਏ ਜ਼ਰਾ ਉਸਦੀ ਨਜ਼ਰ ਬਸ ਈਦ ਮਨਾ ਲਉ ।

ਨਜ਼ਰਾਂ ਦੀ ਹੀ ਮਜਬੂਰੀ ਹੈ ਆਕਾਸ਼ ਦੀ ਹਸਤੀ,
ਮਜਬੂਰ ਨਿਗਾਹੋ ਆ ਮਿਲੋ ਆਕਾਸ਼ ਬਣਾ ਲਉ ।

ਜਿਸ ਲੌ ਨੇ ਹੈ ਪਰਮਾਣੂ ਨੂੰ ਚੰਦ ਬਣਾਇਆ,
ਕੁੱਲੀ ਵੀ ਉਹਦੀ ਲਾਟ ਤੋਂ 'ਜੋਗੀ' ਦੀ ਬਚਾ ਲਉ ।
ਉਏ ਹੋਸ਼–ਵਰੋ! ਹੋਸ਼ ਤੋਂ ਹਸਤੀ ਨੂੰ ਬਚਾ ਲਉ ।

# ਮੈਂ ਕਿਰਸਾਨ ਪੰਜਾਬੀ ਹੋ

–੧–

ਖੇਤੀ ਬਾੜੀ ਮੇਰਾ ਜੀਵਣ ਮੈਂ ਕਿਰਸਾਨ ਪੰਜਾਬੀ ਹੋ,
ਇਸ ਧਰਤੀ ਨਾਲ ਮੇਰਾ ਨਾਤਾ ਜਿਉਂ ਦੇਵਰ ਤੇ ਭਾਬੀ ਹੋ ।

ਇਹੋ ਮੇਰਾ ਝੰਗ ਸਿਆਲੀ ਏਹੋ ਤਖ਼ਤ ਹਜ਼ਾਰਾ ਹੋ,
ਧੁਰ ਅਜ਼ਲਾਂ ਤੋਂ ਇਸ ਮਿੱਟੀ ਦਾ ਮੈਂ ਵਣਜਾਰਾ ਹੋ ।

ਰੁਤ ਰੁਤ ਇਸ ਨੂੰ ਚੋਗ ਚੁਗਾਵਾਂ ਮੁੱਠੀਆਂ ਭਰ ਭਰ ਦਾਣੇ ਹੋ,
ਲੇਖ ਮੇਰੇ ਦੀ ਔਂਸੀ ਪਾਵੇ ਤਨ ਬੁਲ੍ਹਿਆਂ ਦੇ ਤਾਣੇ ਹੋ ।

ਘੁੰਮ ਘੁੰਮ ਖੇਤੀ ਲੇਖ ਮੇਰੇ ਦੀਆਂ ਰੇਖਾਂ ਖਿਚੱਦਾ ਨਾਰਾ ਹੋ,
ਢਾਬ ਕਿਨਾਰੇ ਢਾਰਾ ਮੇਰਾ ਭੁਲਦਾ ਬਲ਼ਖ਼ ਬੁਖ਼ਾਰਾ ਹੋ ।



–੨–

ਲੀਰਾਂ ਨਾਲ ਢੱਕੀ ਹੋਈ ਮੇਰੀ ਗੇਰੂ ਰੰਗੀ ਛਾਤੀ ਹੋ,
ਜਿਉਂ ਸੂਰਜ ਦੀ ਬੱਦਲਾਂ ਵਿਚ ਦੀ ਦਿਹੁੰ ਚੜ੍ਹਦੇ ਦੀ ਝਾਤੀ ਹੋ ।

ਊਂਘ ਮੇਰੀ ਰੋੜਾਂ ਨਾਲ ਖੇਲੇ ਸੂਲਾਂ ਰਸ਼ਕ ਮਨਾਵਣ ਹੋ,
ਨੀਂਦ ਮੇਰੀ ਦੀ ਸੇਜ ਨਿਰਾਲੀ ਸੁਪਨੇ ਵੀ ਸੌਂ ਜਾਵਣ ਹੋ ।

ਸਰਘੀ ਦੀ ਚੁਪ ਚਾਪ 'ਚ ਜਾਪਣ ਜੋਗ ਮੇਰੀ ਦੀਆਂ ਟੱਲੀਆਂ ਹੋ,
ਜਿਉਂ ਸਈਆਂ ਸੌ ਮੰਨਤ ਮਨਾ ਕੇ ਪੀਆ ਮਨਾਵਣ ਚਲੀਆਂ ਹੋ ।

ਟਿੱਕ ਟਿੱਕ ਮੇਰੀ ਹਲਟੀ ਬੋਲੇ ਗੀਤ ਸਮੇਂ ਦੇ ਗਾਵੇ ਹੋ,
ਇਹ ਜਿੰਦੜੀ ਬੰਧਨਾਂ ਦੀ ਗੋਲੀ ਦੁਨੀਆਂ ਨੂੰ ਸਮਝਾਵੇ ਹੋ ।

–੩–

ਇਉਂ ਗੰਦਲਾਂ ਵਿਚ ਕਰਨ ਕੁਲੇਲਾਂ ਨੱਚ ਨੱਚ ਬੁਲ੍ਹੇ ਬੁਲ੍ਹੀਆਂ ਹੋ,
ਜਿਉਂ ਜ਼ੁਲਫ਼ਾਂ ਵਿਚ ਫਸ ਕੇ ਯਾਦਾਂ ਰਾਹ ਵਤਨਾਂ ਦੇ ਭੁਲੀਆਂ ਹੋ ।

ਲਾ ਸੀਨੇ ਨਾਲ ਦੂਧੀਆ ਛੱਲੀਆਂ ਖੇਤੀਂ ਖੜੀਆਂ ਮੱਕੀਆਂ ਹੋ,
ਜਿਉਂ ਮੁਟਿਆਰ ਦੀਆਂ ਅੰਗੜਾਈਆਂ ਤੰਦ ਪਾ ਪਾ ਕੇ ਅਕੀਆਂ ਹੋ ।

ਲਗ਼ਰਾਂ ਦੇ ਗਲ ਹਰੀਆਂ ਵੇਲਾਂ ਘੁਟ ਘੁਟ ਜੱਫੀਆ ਪਾਈਆਂ ਹੋ,
ਜਿਉਂ ਰਾਧਾ ਦੀਆਂ ਕੋਮਲ ਕੋਮਲ ਸਾਂਵਰੀਆ ਗੱਲ ਬਾਹੀਆਂ ਹੋ ।

ਹਿੱਕ ਹਿੱਕ ਮੇਰਾ ਹਰਾ ਬਾਜਰਾ ਹੱਥ ਹੱਥ ਬਾਬੂ ਝੰਡੇ ਹੋ,
ਜਿਉਂ ਪੋਰਸ ਦੀਆਂ ਫ਼ੌਜਾਂ ਖੜੀਆਂ ਰਣ ਭੂਮੀ ਦੇ ਕੰਢੇ ਹੋ ।

–੪–

ਪਹੁ ਪਾਟੀ ਕਣਕਾਂ 'ਚੋਂ ਉਠੀਆਂ ਇਉਂ ਕੂੰਜਾਂ ਦੀਆਂ ਡਾਰਾਂ ਹੋ,
ਹੰਝੂਆਂ ਨਾਲ ਬਿਰ੍ਹਨ ਦੇ ਮੁੱਖ ਤੇ ਜਿਉਂ ਸੁਰਮੇ ਦੀਆਂ ਧਾਰਾ ਹੋ ।

ਆਲੇ ਦੁਆਲੇ ਤਾਰਾ ਮੀਰਾ ਲੱਕ ਲੱਕ ਗੰਦਲਾਂ ਚੜ੍ਹੀਆਂ ਹੋ,
ਵਿਚ ਰੇਤੇ ਦੀਆਂ ਸੂਖਮ ਸੂਖਮ ਦੋ ਟਿਬੀਆਂ ਇਉਂ ਖੜੀਆਂ ਹੋ ।

ਜਿਉਂ ਜੋਗਨ ਦੇ ਸੀਨੇ ਉੱਤੇ ਨਾਗ ਜ਼ੁਲਫ਼ ਦੇ ਕਾਲੇ ਹੋ,
ਦੁੱਧਾਂ ਭਰੇ ਕਟੋਰੇ ਰਖ ਰਖ ਮਸੀਂ ਮਸੀਂ ਉਸ ਪਾਲੇ ਹੋ ।

ਫ਼ਸਲਾਂ ਦੇ ਵਿਚ ਲੁਕਦੀ ਛਿਪਦੀ ਇਉਂ ਪਗਡੰਡੀ ਜਾਵੇ ਹੋ,
ਜਿਉਂ ਚਿਤਵੀ ਹੋਈ ਯਾਦ ਕਿਸੇ ਦੀ ਕਦੀ ਕਦੀ ਚਿੱਤ ਆਵੇ ਹੋ ।

ਮੈਂ ਕਿਰਸਾਨ ਪੰਜਾਬੀ 'ਜੋਗੀ' ਮੈਂ ਕਿਰਸਾਨ ਪੰਜਾਬੀ ਹੋ ...।



## ਨੀਚੋਂ ਊਚ ਕਰੇ ਮੇਰਾ ਗੋਬਿੰਦ ਕਾਹੂੰ ਤੇ ਨਾ ਡਰੇ

–੧–

ਦਸਦੇ ਨੇ ਇਤਿਹਾਸ ਦੇ ਪੰਨੇ ਇਕ ਸਮਾਂ ਜਦ ਭਾਰਤ ਅੰਦਰ,
ਸੈ ਕਾਸ਼ੀ ਦੇ ਮੰਦਰਾਂ ਕੋਲੋਂ ਸੁੱਚਾ ਸੀ ਇਕ ਮਨ ਦਾ ਮੰਦਰ ।

ਕਾਸ਼ੀ ਦੇ ਕਲਸਾਂ ਤੋਂ ਉਹਲੇ ਫੂਸਾਂ ਦਾ ਇਕ ਢਾਰਾ ਹੈ ਸੀ,
ਇਸ ਢਾਰੇ ਵਿਚ ਵਸਦਾ ਕੋਈ ਔ–ਲੱਖ ਦਾ ਵਣਜਾਰਾ ਹੈ ਸੀ ।

ਰੰਬੀ ਦੇ ਵਿਚ ਸਾਈਂ ਉਸ ਦਾ ਪੱਥਰੀ ਵਿਚ ਪ੍ਰੀਤਮ ਵਾਸੀ,
ਦੁਨੀਆਂ ਦੀ ਠੁਕਰਾ ਕੇ ਮਾਇਆ ਬੈਠਾ ਸੀ ਇਕ ਮਸਤ ਉਦਾਸੀ ।

ਗੰਗਾ ਉਸ ਦੇ ਚਰਨ ਕੰਵਲ ਨੂੰ ਹਰ ਦਮ ਲਹਿਰਾਂ ਬਣ ਬਣ ਚੁੰਮਦੀ,
ਏਸ ਨਸ਼ੇ ਦੀ ਮਸਤੀ ਅੰਦਰ ਘੁੰਮਣ ਘੇਰੀ ਪਾ–ਪਾ ਘੁੰਮਦੀ ।

ਪੱਥਰਾਂ ਨਾਲ ਵਲੇ ਚੌਗਿਰਦੇ ਕਾਸ਼ੀ ਦੇ ਮੰਦਰ ਬੇਚਾਰੇ,
ਅੱਡੀਆਂ ਚੁੱਕ ਚੁੱਕ ਤੱਕਦੇ ਰਹਿੰਦੇ ਇਸ ਝੁੱਗੀ ਵਲ ਆਪ ਮੁਹਾਰੇ ।

ਵੇਖ ਕੇ ਖੁਲ੍ਹੇ ਦਰ ਕੁੱਲੀ ਦੇ ਜੰਗਲੀ ਵਾ ਦੇ ਬੁਲ੍ਹੇ ਆਉਂਦੇ,
ਭਟਕੇ ਹੋਏ ਅਜ਼ਲਾਂ ਦੇ ਪਾਂਧੀ ਰਾਹ ਜੀਵਨ ਦਾ ਭੁਲੇ ਆਉਂਦੇ ।

ਪੱਥਰਾਂ ਦੀ ਦਹਿਲੀਜ਼ ਦੇ ਉਤੋਂ ਜਦ ਮੱਥੇ ਠੁਕਰਾਏ ਜਾਂਦੇ,
ਕੁਚਲੇ ਹੋਏ ਇਨਸਾਨ ਦੇ ਜਜ਼ਬੇ ਇਸ ਝੁੱਗੀ ਵਲ ਫੇਰਾ ਪਾਂਦੇ ।

ਨਿਰਦੋਸ਼ਾਂ ਦੀ, ਮਜ਼ਲੂਮਾਂ ਦੀ ਦੁਖਿਆਰਾਂ ਦੀ, ਆਸ ਸੀ ਝੁੱਗੀ,
ਟੁੱਟੇ ਹੋਏ ਇਨਸਾਨ ਦੇ ਦਿਲ ਲਈ ਖੁਲ੍ਹੀ ਸੀ ਰਵਿਦਾਸ ਦੀ ਝੁੱਗੀ ।

ਇਸ ਝੁੱਗੀ ਦਾ ਤੀਲਾ ਤੀਲਾ ਗੁਣ ਗੋਬਿੰਦ ਦੇ ਗਾਉਂਦਾ ਰਹਿੰਦਾ,
ਪੈਰਾਂ ਵਿਚ ਰੁਲਦੀ ਮਾਨੁੱਖਤਾ ਚੁਕ ਚੁਕ ਸੀਨੇ ਲਾਉਂਦਾ ਰਹਿੰਦਾ ।

ਇੱਕ ਉਪਦੇਸ਼ ਸੀ ਹਰ ਦੁਖੀਏ ਲਈ ਮੱਤ ਜਾਬਰ ਦਾ ਜਬਰ ਜਰੋ,
ਨੀਚੋਂ ਊਚ ਕਰੇ ਮੇਰਾ ਗੋਬਿੰਦ ਕਾਹੂੰ ਤੇ ਨਾ ਡਰੋ ।

ਗੁਰ ਰਵਿਦਾਸ ਦੇ ਇਸ ਨਾਅਰੇ ਸੰਗ ਰਾਜ ਸਿੰਘਾਸਣ ਡੋਲ ਰਿਹਾ ਸੀ,
ਏਸ ਸ਼ਬਦ ਦੇ ਪਿੱਛੇ ਸਾਰਾ "ਦੁਖੀਆ ਭਾਰਤ" ਬੋਲ ਰਿਹਾ ਸੀ ।





ਇਕ ਦਿਨ ਜਦ ਊਸ਼ਾ ਦੀਆਂ ਪਲਕਾਂ ਆ ਸਰਘੀ ਦੀ ਕੰਘੀ ਕੀਤੀ,
ਸੁਲਤਾਨਾਂ ਦੀ ਸੇਜ ਦੇ ਉੱਤੇ ਹੋਸ਼ਾਂ ਨੇ ਅੰਗੜਾਈ ਲੀਤੀ ।

ਕੱਠੇ ਹੁੰਦੇ ਮੈਖਾਨੇ 'ਚੋਂ ਰਾਤੀਂ ਪੀਤੇ ਜਾਮ ਕਿਸੇ ਦੇ,
ਠੇਡੇ ਮਾਰ ਕੇ ਚੂਰਾ ਚੂਰਾ ਰਾਤੀਂ ਕੀਤੇ ਜਾਮ ਕਿਸੇ ਦੇ ।

ਊਂਧ ਮਧੋਣੇ ਖੋਲ੍ਹ ਕੇ ਜੋਗਾਂ ਖੇਤਾਂ ਦੇ ਵਲ ਟੁਰ ਪਏ ਹਾਲੀ,
ਅੱਖੀਆਂ ਵਿਚ ਉਨੀਂਦਾ ਲੈ ਕੇ ਉਠ ਖੜੋਤੀ ਚੂੜੇ ਵਾਲੀ ।

ਕੰਬਦੇ ਕੰਬਦੇ ਹੱਥਾਂ ਦੇ ਸੰਗ ਉਠ ਮਾਵਾਂ ਨੇ ਚੱਕੀਆਂ ਝੋਈਆਂ,
ਜੀਵਨ ਦੀ ਚਿੰਤਾ ਤੋਂ ਲੰਮੀਆਂ ਇਹ ਚਕਰਾਂ ਦੀਆਂ ਵਾਟਾਂ ਹੋਈਆਂ ।

ਬਿਰਛਾਂ ਉੱਤੇ ਪੰਖ ਪਖੇਰੂ ਚੁੰਝਾਂ ਦੇ ਨਾਲ ਖੰਭ ਸੰਵਾਰਨ,
ਉੱਡ ਜਾਣਾ ਹੈ ਦੇਸ਼ ਪਰਾਏ ਦੂਰ ਖਿੰਡੇ ਹੋਏ ਚੋਗ ਦੇ ਕਾਰਨ ।

ਦਿੱਤੀ ਬਾਂਗ ਮਸੀਤੇ ਕਾਜ਼ੀ ਅੱਲਾ ਹੂ ਅਸਲਾਮ ਕਰਨ ਲਈ,
ਮੰਦਰਾਂ ਵੱਲ ਪੁਜਾਰੀ ਨੱਸੇ, ਪੱਥਰਾਂ ਨੂੰ ਪਰਨਾਮ ਕਰਨ ਲਈ ।

ਸੰਗਲਾਂ ਨਾਲ ਪਰੋਤੀਆਂ ਹੋਈਆਂ ਮੰਦਰਾਂ ਵਿਚ ਪੁਕਾਰਨ ਟੱਲੀਆਂ,
ਪੱਥਰ ਦਿਲ ਇਨਸਾਨ ਦੇ ਹੱਥੋਂ ਦੁਖੀਏ ਕੂਕਾਂ ਮਾਰਨ ਝੱਲੀਆਂ ।

ਉਸ ਵੇਲੇ ਇਸ ਝੁੱਗੀ ਵਿਚੋਂ ਰਾਮ ਰਾਮ ਦੀ ਧੁੰਨ ਸੀ ਆਉਂਦੀ,
ਆਲ-ਦੁਆਲੇ ਇਸ ਝੁੱਗੀ ਦੇ ਪਰਭਾਤੀ ਸੀ ਫੇਰੇ ਪਾਉਂਦੀ ।

ਝੁੱਗੀ ਦੇ ਦਰਵਾਜ਼ੇ ਕੋਲੋਂ ਇਕ ਮਨੁੱਖ ਨੇ ਉੱਚੀ ਸਾਰੀ,
ਹੇ ਰਵਿਦਾਸ ਦਾਸ ਕੇ ਦਾਸਨ! ਇਉ ਕਹਿ ਕੇ ਆਵਾਜ਼ ਸੀ ਮਾਰੀ ।

-੩-

ਹੱਥ 'ਚ ਨੇਜ਼ਾ ਜੁੱਸੇ ਵਰਦੀ ਹਾਕਮ ਦਾ ਦਰਬਾਨ ਸੀ ਕੋਈ,
ਪੇਟ ਦੀ ਅੱਗ ਵਿਚ ਭੁੱਜਾ ਹੋਇਆ ਪਰ ਦਿਸਦਾ ਇਨਸਾਨ ਸੀ ਕੋਈ ।

ਕਹਿਣ ਲੱਗਾ ਓ ਸੁਆਮੀ ਮੇਰੇ! ਅੱਜ ਥੋਨੂੰ ਸੁਲਤਾਨ ਬੁਲਾਇਆ,
ਹੁਕਮ ਅਦੂਲੀ ਬਾਗ਼ੀਪਨ ਦਾ ਥੋਡੇ ਉੱਤੇ ਦੂਸ਼ਨ ਲਾਇਆ ।

ਅੱਜ ਪ੍ਰੀਖਿਆ ਕਰਨੀ ਉਸ ਨੇ ਭਰੇ ਹੋਏ ਦਰਬਾਰ ਦੇ ਅੰਦਰ,
ਰਹਿ ਨਹੀਂ ਸਕਦਾ ਕੋਈ ਬਾਗ਼ੀ ਸੁਲਤਾਨੀ ਸਰਕਾਰ ਦੇ ਅੰਦਰ ।

ਇਸ ਦਰਬਾਰ 'ਚ ਕੱਠੇ ਹੋ ਗਏ ਪੰਡਤ ਤੇ ਮੌਲਾਨੇ ਸਾਰੇ,
ਕੌਣ ਕਹਿਣ ਦਾ ਹੀਆ ਕਰੇਗਾ ਕਿ ਰਵਿਦਾਸ ਨੇ ਪੱਥਰ ਤਾਰੇ ।

ਨੀਚੀ ਜ਼ਾਤ ਕਮੀਨੇ ਬੰਦੇ ਜੇ ਐਸਾ ਪਰਚਾਰ ਕਰਨਗੇ,
ਇਸ ਦਰਬਾਰ ਦੇ ਤਿੱਖੇ ਨੇਜ਼ੇ ਤੇਰਾ ਸੀਨਾ ਪਾਰ ਕਰਨਗੇ ।



ਇਸ ਜੀਭਾ ਦੀ ਬੋਟੀ ਬੋਟੀ ਗਿਰਝਾਂ ਦੀਆਂ ਚੁੰਝਾਂ ਵਿਚ ਹੋਸੀ,
ਇਸ ਦੇਹੀ ਦੇ ਲੂੰ ਲੂੰ ਵਿਚੋਂ ਖ਼ੂਨ ਦਾ ਕਤਰਾ ਕਤਰਾ ਚੋਸੀ ।

ਕਾਸ਼ੀ ਵਿਚ ਢੰਡੋਰਾ ਫਿਰਿਆ ਅੱਜ ਰਵਿਦਾਸ ਪ੍ਰੀਖਿਆ ਹੋਣੀ,
ਉਸ ਰਵਿਦਾਸ ਦੇ ਗੋਬਿੰਦ ਕੋਲੋਂ ਅੱਜ ਇਸ ਦੀ ਨਹੀਂ ਰਕਸ਼ਾ ਹੋਣੀ ।

-੫-

ਕਹਿਣ ਲਗੇ ਮੁਸਕਾ ਕੇ ਸੁਆਮੀ ਸੁਣ ਸਰਕਾਰ ਦੇ ਚਾਕਰ ਪਿਆਰੇ,
ਜਿਸ ਨੂੰ ਆਪੇ ਰੱਖੇ ਸਾਈਆਂ ਉਸ ਨੂੰ ਕੋਈ ਕਿੱਦਾਂ ਮਾਰੇ ।

ਉਸ ਰਾਜੇ ਦੀ ਸਾਰੀ ਸੈਨਾ ਇਸ ਸੈਨਾ ਦੇ ਸ਼ਸਤਰ ਸਾਰੇ,
ਤਿੱਖੇ ਮੌਤ ਦੀ ਧਾਰਾ ਕੋਲੋਂ ਸੁਲਤਾਨੀ ਤੇਗ਼ਾਂ ਦੇ ਧਾਰੇ ।

ਸੀਖਾਂ ਨਾਲ ਵਲੇ ਹੋਏ ਪਿੰਜਰੇ ਭੁੱਖੇ ਸ਼ੇਰਾਂ ਦੇ ਚੌਗਾਨੇ,
ਜਿਥੇ ਮੌਤ ਭੀ ਡਰ ਜਾਂਦੀ ਹੈ ਉਹ ਪੱਥਰਾਂ ਦੇ ਬੰਦੀਖ਼ਾਨੇ ।

ਠੂਹਿਆਂ ਨਾਲ ਭਰੇ ਹੋਏ ਬਿਸ਼ੀਅਰ ਨਾਗ ਨੇ ਜਿੱਥੇ ਸੁੱਤੇ,
ਬੋਟੀ ਬੋਟੀ ਤੋੜ ਦੇਣ ਲਈ ਮੌਤੋਂ ਕਾਹਲੇ ਭੁੱਖੇ ਕੁੱਤੇ ।

ਹੱਥਕੜੀਆਂ ਜ਼ੰਜੀਰਾਂ ਬੇੜੀ ਤੇ ਸ਼ਾਹੀ ਜੱਲਾਦ ਦੇ ਕੋੜੇ,
ਤੱਤੀਆਂ ਲਾਲ ਫ਼ੌਲਾਦੀ ਸੀਖਾਂ ਕੱਢਣ ਲਈ ਨੈਣਾਂ ਦੇ ਜੋੜੇ ।

ਇਕ ਦਰਵੇਸ਼ ਦੇ ਸੱਚੇ ਦਿਲ ਨੂੰ ਸੱਚ ਕਹਿਣ ਤੋਂ ਰੋਕ ਨਾ ਸਕਦੇ,
ਮਾਨਵਤਾ ਇਨਸਾਫ਼ ਲਈ ਉੱਠੇ ਕਦਮਾਂ ਨੂੰ ਉਹ ਰੋਕ ਨਾ ਸਕਦੇ ।

ਜਿਸ ਨਗਰੀ ਵਿਚ ਇਨਸਾਨਾਂ ਨੇ ਇਨਸਾਨਾਂ ਦਾ ਖ਼ੂਨ ਹੈ ਪੀਤਾ,
ਨਿਰਦੋਸ਼ਾਂ ਦੀ ਚਮੜੀ ਜੇ ਕਰ ਚੁੰਮ ਲਈ ਮੈਂ ਦੋਸ਼ ਕੀ ਕੀਤਾ ।

–੬–

ਇਕ ਪਾਸੇ ਇਨਸਾਨ ਦਾ ਬੱਚਾ ਤਨ ਤੇ ਲੀਰਾਂ ਹੱਥੀਂ ਛਾਲੇ,
ਕੂੜਾ ਕਰਕਟ ਗੰਦ ਉਠਾ ਕੇ ਰੂੜੀ ਵਿਚੋਂ ਰੋਟੀ ਭਾਲੇ ।

ਰੋੜਾਂ ਉਤੇ ਸੇਜ ਹੈ ਉਸ ਦੀ ਕੱਚੀ ਇੱਟ ਸਰ੍ਹਾਣਾ ਉਸ ਦਾ,
ਭੁੱਖ ਤ੍ਰਿਖਾ ਨਾਲ ਖੇਡਦਿਆਂ ਹੀ ਪੈਂਡਾ ਹੈ ਮੁੱਕ ਜਾਣਾ ਉਸ ਦਾ ।

ਇਕ ਪਾਸੇ ਉਹ ਮਹਿਲ ਮੁਨਾਰੇ ਚਿਣੇ ਗਏ ਜੋ ਕਬਰਾਂ ਉੱਤੇ,
ਨਿਰਦੋਸ਼ਾਂ ਦੀਆਂ ਆਹਾਂ ਉਤੇ ਮਜਬੂਰਾਂ ਦਿਆਂ ਸਬਰਾਂ ਉੱਤੇ ।

ਮਾਨਵਤਾ ਦੀ ਲਾਸ਼ ਦੇ ਉੱਤੇ ਤੁਰਦੇ ਫਿਰਦੇ ਪੱਥਰ ਉੱਥੇ,
ਭੁੱਖੇ ਮਰ ਰਹੇ ਮਜ਼ਦੂਰਾਂ ਦੀਆਂ ਖੋਪਰੀਆਂ ਦੇ ਸੱਥਰ ਉੱਥੇ ।



ਏਸ ਨੀਚ ਨੂੰ ਓਸ ਊਚ ਨੂੰ ਅੱਖੀਂ ਵੇਖ ਕੇ ਚੁਪ ਨਾ ਰੋਸਾਂ,
ਜੇ ਕਰ ਮੈਥੋਂ ਹੋਰ ਨਾ ਸਰਿਆ ਮਾਨਵਤਾ ਦੀ ਕਬਰ ਤੇ ਰੋਸਾਂ ।

ਏਸ ਦੋਸ਼ ਲਈ ਪੱਥਰ ਦਾ ਦਿਲ ਜੇ ਕਰ ਖਾਂਦਾ ਪਿਆ ਉਬਾਲੇ,
ਸੀਨੇ ਦੀ ਕਸੱਵਟੀ ਤੇ ਫਿਰ ਪਰਖ ਲਈਏ ਚਲ ਨੇਜ਼ੇ ਕਾਹਲੇ ।

ਅਨਿਆਏ ਦੀ ਨਗਰੀ ਅੰਦਰ ਮੇਰਾ ਭੀ ਦਿਲ ਜਾਣ ਨੂੰ ਚਾਂਹਦਾ,
ਭੁੱਖਾ ਪੇਟ ਤੇ ਨੰਗਾ ਸੀਨਾ ਕਾਰੀ ਜ਼ਰਬਾਂ ਖਾਣ ਨੂੰ ਚਾਂਹਦਾ

ਇਉਂ ਕਹਿ ਕੇ ਉਸ ਚਾਰਕ ਪਿਛੇ ਟੁਰ ਪਏ ਪਰਉਪਕਾਰ ਸੁਆਮੀ,
ਨਿਰਮਾਣਾਂ ਦੇ ਮਾਣ ਸੁਆਮੀ ਮੀਰਾਂ ਦੇ ਦਿਲਦਾਰ ਸੁਆਮੀ ।

–੭–

ਪੁੱਜੇ ਜਾਂ ਦਰਬਾਰ ਦੇ ਅੰਦਰ ਇਉਂ ਸੁਲਤਾਨ ਖੜਾ ਲਲਕਾਰੇ,
ਉਏ ਰਵਿਦਾਸ ਕਮੀਨੇ ਬੰਦੇ! ਮੌਤ ਕਿਉਂ ਤੈਨੂੰ ਵਾਜਾਂ ਮਾਰੇ ।

ਕੌਣ ਕਹੇ ਤੂੰ ਉੱਚਾ ਸੁੱਚਾ ਕੌਣ ਕਹੇ ਤੂੰ ਪੱਥਰ ਤਾਰੇ,
ਕਦ ਵਗਦੀ ਸੀ ਉਲਟੀ ਗੰਗਾ ਤੇਰੇ ਹੱਥ ਦੇ ਵੇਖ ਇਸ਼ਾਰੇ ।

ਝੋਲੀ ਵਿਚ ਲੁਕਾ ਕੇ ਜੰਞੂ ਭੋਲੀ ਦੁਨੀਆਂ ਨੂੰ ਭਰਮਾਵੇਂ,
ਚਾਰ ਜੁਗਾਂ ਦਾ ਅੰਤਰਜਾਮੀ ਤੂੰ ਕਮਜ਼ਾਤਾ ਬਣਨਾ ਚਾਹਵੇਂ ?

ਕਰ ਕੇ ਦਸ ਇਹ ਕੌਤਕ ਨਹੀਂ ਤਾਂ ਦੁਰਗਤ ਸ਼ਰੇ-ਆਮ ਹੋਏਗੀ,
ਤੇਰੀ ਚਮੜੀ ਨਹੀਂ ਤੇ ਭਗਤਾ ਚੌਂਕਾਂ ਵਿਚ ਨੀਲਾਮ ਹੋਏਗੀ ।

-੮-

ਕਹਿਣ ਲਗੇ ਰਵਿਦਾਸ ਸੁਆਮੀ ਓ ਮਾਇਆ ਦੇ ਅੰਨ੍ਹੇ ਬੋਲੇ!
ਤੇਰੇ ਵਰਗੇ ਲੱਖਾਂ ਏਥੇ ਇਸ ਦੁਨੀਆਂ ਨੇ ਮਿੱਟੀ ਰੋਲੇ ।

ਕਾਰੂੰ ਜੇਹੇ ਖ਼ਜ਼ਾਨੇ ਰੁਲ ਗਏ ਰੁਲ ਗਈ ਸ਼ਾਨ ਸਿਕੰਦਰ ਏਥੇ,
ਮਿੱਟੀ ਦੇ ਵਿਚ ਰੁਲਦੇ ਦੇਖੇ ਕਲਸਾਂ ਵਾਲੇ ਮੰਦਰ ਏਥੇ।

ਜਿਸ ਰਾਵਣ ਦੀ ਸੈਨਾ ਅੰਦਰ ਇਕ ਲੱਖ ਪੂਤ ਸਵਾ ਲੱਖ ਨਾਤੀ
ਉਸ ਰਾਵਣ ਦੀ ਕਬਰ ਦੇ ਉੱਤੇ ਦੀਵਾ ਬਲੇ ਨਾ ਦਿਖਦੀ ਬਾਤੀ ।

ਮਿੱਟੀ ਵਿਚ ਨਮਰੂਦ ਦੀ ਮਿਲ ਗਈ ਅੱਲਾ ਤੋਂ ਬਾਗ਼ੀ ਸੁਲਤਾਨੀ,
ਭੁੱਲੀ ਜਿਹੀ ਇਕ ਯਾਦ ਹੈ ਬਾਕੀ ਦਰਯੋਧਨ ਦੀ ਮਸਤ ਜਵਾਨੀ ।



ਤੇਰੇ ਹੇਠਾਂ ਤਖ਼ਤ ਨਾ ਹੋਸਣ ਸਿਰ ਤੇਰੇ ਤੇ ਤਾਜ ਨਾ ਹੋਸੀ,
ਥੋੜੇ ਹੋਰ ਸਮੇਂ ਤੋਂ ਪਿੱਛੋਂ ਕਿਧਰੇ ਤੇਰਾ ਰਾਜ ਨਾ ਹੋਸੀ ।

ਮਿੱਟੀ ਦੇ ਪੱਥਰ ਦਾ ਤਰਨਾ ਕਿਉਂ ਤੈਨੂੰ ਅਸਚਰਜ ਜਾਪਦਾ,
ਜੇ ਪੱਥਰ ਨਹੀਂ ਕੋਈ ਤਰਨਾ ਨਹੀਂ ਤਰਨਾ ਓਹ ਤੇਰੇ ਪਾਪ ਦਾ ।

ਉਹ ਪਰਬਤ ਦੇ ਪੱਥਰਾਂ ਨੇ ਭੀ ਠੇਡੇ ਖਾ ਖਾ ਤੁਰਦੇ ਜਾਣਾ,
ਗੰਗਾ ਦੇ ਜਲ ਧਾਰੇ ਅੰਦਰ ਹੌਲੀ ਹੌਲੀ ਖੁਰਦੇ ਜਾਣਾ ।

ਕਿਣਕਾ ਕਿਣਕਾ ਕੱਠਾ ਹੋ ਕੇ ਗੰਗਾ ਦਾ ਬਣ ਜਾਏ ਦਹਾਨਾ,
ਦੇਸ਼ ਦੇ ਭੁਖਿਆਂ ਖ਼ਾਤਰ ਇਕ ਦਿਨ ਬਣ ਜਾਸੀ ਅਨਮੋਲ ਖ਼ਜ਼ਾਨਾ ।

ਇਸ ਪੱਥਰ ਦੇ ਸੀਨੇ ਵਿਚੋਂ ਉੱਗ ਪੈਣਗੇ ਫੁੱਲ ਹਜ਼ਾਰਾਂ,
ਤੇਰਾ ਦਿਲ ਪੱਥਰ ਸੁਲਤਾਨਾ! ਦੇਸੀਂ ਤੇਰੀਆਂ ਡੋਬ ਬਹਾਰਾਂ ।

ਸੁਣ ਸੁਆਮੀ ਦੇ ਬੋਲ ਕਰਾਰੇ ਥਰ ਥਰ ਕੰਬੇ ਪਾਪ ਦੇ ਮਣਕੇ,
ਪਸਚਾਤਾਪ ਦੇ ਅੱਥਰੂ ਵਗ ਪਏ ਗੰਗਾ ਦੀ ਜਲਧਾਰਾ ਬਣ ਕੇ ।

ਧੋਤੀ ਗਈ ਮਲੀਣੀ ਬੁੱਧੀ ਹੌਲਾ ਫੁੱਲ ਹੋਇਆ ਹਤਿਆਰਾ,
ਆਪਣੇ ਨੀਰ ਦੀ ਗੰਗਾ ਅੰਦਰ ਤਰਿਆ ਪਾਪੀ ਪੱਥਰ ਭਾਰਾ ।

ਗੰਗਾ ਵਿਚ ਤਕ ਪੱਥਰੀ ਤਰਦੀ ਦੰਗ ਹੋ ਗਏ ਦਰਬਾਰੀ ਸਾਰੇ,
ਬੇਬੱਸ 'ਜੋਗੀ' ਬੁਲ੍ਹ ਫਰਕ ਪਏ ਰਵਿਦਾਸ ਨੇ ਪੱਥਰ ਤਾਰੇ ।

ਫਿਰ ਏਹੀ ਉਪਦੇਸ਼ ਸੀ ਦਿੱਤਾ ਜਾਬਰ ਦਾ ਮਤ ਜਬਰ ਜਰੋ,
ਨੀਚੋਂ ਊਚ ਕਰੇ ਮੇਰਾ ਗੋਬਿੰਦ ਕਾਹੂੰ ਤੇ ਨਾ ਡਰੋ ।

– o –



## ਖੋਜਣ

–੧–

ਝੁਕਿਆ ਹੋਇਆ ਸੂਰਜ ਮੁੱਖੀਆ ਸਾਜਨ ਦਾ ਸਤਿਕਾਰ ਕਰਨ ਲਈ,
ਜਾਂ ਖੜ ਜਾਵੇ ਪਲਕਾਂ ਚਾ ਕੇ ਰੱਜ ਰੱਜ ਕੇ ਦੀਦਾਰ ਕਰਨ ਲਈ ।

ਜਾਂ ਫਿਰ ਸੂਰਜ ਕਿਰਨਾਂ ਰਾਹੀਂ ਤਿੱਤਲੀ ਨੂੰ ਧੁੱਪ ਛਾਂ ਦਿਖਲਾ ਕੇ,
ਰੰਗ–ਬਰੰਗੀਆਂ ਚੁੰਮੇ ਬੁੱਲ੍ਹੀਆਂ ਫੁੱਲਾਂ ਦੇ ਨਾਲ ਕੰਘੀਆਂ ਪੀ ਕੇ ।

ਫੁੱਲਾਂ ਦੀ ਫ਼ਰਿਆਦ ਦੇ ਹੰਝੂ ਜਾ ਨੈਣਾਂ ਵਿਚ ਸੁੱਕ ਜਾਂਦੇ ਨੇ,
ਧੁੱਪ ਤੋਂ ਡਰਦੇ ਜਾਂ ਪਰਛਾਵੇਂ ਬਿਰਛਾਂ ਹੇਠਾਂ ਲੁਕ ਜਾਂਦੇ ਨੇ ।

ਪਾਗਲ ਹੋ ਕੇ ਜਦੋਂ ਵਰੋਲੇ ਪਾ ਲੈਂਦੇ ਘੱਟਾ ਵਿਚ ਸਿਰ ਦੇ,
ਜਾਂ ਫਿਰ ਜਲਦੀ ਹਵਾ ਦੇ ਬੁਲ੍ਹੇ ਪਾਣੀ ਪੀਣ ਨੂੰ ਦੌੜੇ ਫਿਰਦੇ ।

ਰੇਗਿਸਤਾਨ ਦਾ ਤੱਤਾ ਰੇਤਾ ਜਾਂ ਪਾਣੀ ਬਣ ਜਾਵੇ ਢਲ ਕੇ,
ਜਾਂ ਕਿਰਨਾਂ ਚੋਂ ਲੰਘਦੀ ਦ੍ਰਿਸ਼ਟੀ ਧੂੰਆਂ ਹੋ ਹੋ ਜਾਂਦੀ ਜਲ ਕੇ ।

ਉਸ ਵੇਲੇ ਦੁਨੀਆਂ ਤੋਂ ਲਾਂਭੇ ਉੱਚੇ ਨੀਵੇਂ ਟਿਬਿਆਂ ਅੰਦਰ,
ਦਰਦ ਭਰੀ ਆਵਾਜ਼ ਸੀ ਆਉਂਦੀ ਲੁਟ ਗਿਆ ਮੇਰੇ ਮਨ ਦਾ ਮੰਦਰ ।

ਨੈਣ ਪਿਆਲੇ ਭਰ ਕੇ ਬੈਠੀ ਇਉਂ ਸੋਚੇ ਇਕ ਕਰਮਾਂ ਮਾਰੀ,
ਪਿਆਸੀ ਰੱਸੀ ਯਾਦ ਪੀਆ ਦੀ ਦੂਰੋਂ ਟੁਰਦੀ ਆਈ ਵਿਚਾਰੀ ।

–੨–

ਕਲੀ ਜਿਹੀ ਦੁਖਿਆਰਨ ਕੋਈ ਰੇਤਾ ਚੁਕ ਚੁਕ ਹਿੱਕ ਨੂੰ ਲਾ ਕੇ,
ਪੀਆ ਪੀਆ ਕਰ ਰੋਂਦੀ ਜਾਵੇ ਸੁਪਨੇ ਦੇ ਗਲ ਬਾਹਵਾਂ ਪਾ ਕੇ ।

ਰੇਤੇ ਉੱਤੇ ਹੰਝੂ ਕੇਰੇ ਇਉਂ ਨਿਉਂ ਨਿਉਂ ਕੇ ਜੋਬਨ–ਵੰਤੀ,
ਜਿਉਂ ਹੰਸਾਂ ਨੂੰ ਚੋਗ ਚੁਗਾਵੇ ਯਾਦ ਕਿਸੇ ਦੀ ਬਣ ਦਮਯੰਤੀ ।

ਹੰਝੂ ਪੀਣ ਨੂੰ ਕਾਲੀਆਂ ਜ਼ੁਲਫ਼ਾਂ ਇਉਂ ਖਿੰਡੀਆਂ ਸਨ ਰੇਤੇ ਉੱਤੇ,
ਜਿਉਂ ਚੰਦਨ ਦੇ ਬਿਰਛ ਦੁਆਲੇ ਨਾਗ ਜ਼ਹਿਰੀਲੇ ਜਾਪਣ ਸੁੱਤੇ ।

ਮੱਧਮ ਜਿਹੀ ਇਕ ਪੈੜ ਦੁਆਲੇ ਹੰਝੂਆਂ ਦੇ ਨਾਂ ਔਂਸੀ ਪਾਵੇ,
ਖੋਜਣ ਬਣ ਕੇ ਆਈ ਪਗਲੀ ਆਪਣਾ ਆਪ ਗੁਆਂਦੀ ਜਾਵੇ ।



ਜਦ ਸੁਪਨਾ ਭੀ ਜਾਂਦਾ ਜਾਂਦਾ ਲੈ ਚਲਿਆ ਨਾਲੇ ਅੰਗੜਾਈਆਂ
ਜੱਫੀਆਂ ਖੋਲ੍ਹ ਕੇ ਰੰਗਲੇ ਚੂੜੇ ਨੰਗੀਆਂ ਕਰ ਗਏ ਨਰਮ ਕਲਾਈਆਂ ।

ਤੱਤੇ ਰੇਤੇ ਉੱਤੇ ਹੈਸੀ ਆਸ਼ਾ ਜੋ ਹੱਸ ਹੱਸ ਕੇ ਟੁਰਦੀ,
ਟੁਰ ਗਈ ਛੱਡ ਕੇ ਉਲਝੀ ਔਂਸੀ ਰਹੀ ਜੁਦਾਈ ਸਾਥਣ ਧੁਰ ਦੀ ।

ਦੇਖ ਕੇ ਕਜਲਾ ਰੁੜ੍ਹਿਆ ਜਾਂਦਾ ਕਹਿਣ ਲੱਗਾ ਦਿਲ ਦਰਦ ਜੁਆਲਾ,
(ਉਏ) ਹੰਝੂਆਂ ਪਿੱਛੇ ਲੱਗ ਕਮਲਿਆ ਜੋਬਨ ਦਾ ਮੂੰਹ ਕੀਤਾ ਕਾਲਾ ।

ਚਕਵੀ ਦੀ ਫ਼ਰਿਆਦ ਸੀ ਸੱਚੀ ਪਰਦੇਸੀ ਸੰਗ ਨੇਹੁੰ ਨਾ ਲਾਈਏ ।
ਦਿਲ ਦਾ ਕਾਲਾ ਕੰਤ ਜੇ ਹੋਵੇ ਨੈਣਾਂ ਵਿਚ ਨਾ ਕਦੀ ਵਸਾਈਏ ।

ਕਲੀਆਂ ਵਰਗੇ ਪੈਰਾਂ ਉੱਤੇ ਰੇਤਾ ਕਹਿਣ ਲੱਗਾ ਤੱਕ ਛਾਲੇ,
ਵਾਹ ਮੌਲਾ ਤੂੰ ਸਚ ਮੁਚ ਦਾਤਾ ਭਰੀ ਰੱਖ ਫੱਕਰਾਂ ਦੇ ਪਿਆਲੇ ।

ਤਾਅਨੇ ਸੁਣ ਸੁਣ ਇਸ ਜੋਗਨ ਦੇ ਰੋਮ ਰੋਮ ਝਰਨਾਟੇ ਛਿੜ ਗਏ,
ਅਪਣਾ ਆਪ ਬਿਗਾਨਾ ਹੋਇਆ ਲੇਖ ਦੇ ਚੱਕਰ ਪੁਠੇ ਗਿੜ ਗਏ ।

ਕਹਿਣ ਲੱਗੀ ਹੇ ਮੁਨਸਫ਼ ਕਾਦਰ ਦੇਖ ਲਏ ਇਨਸਾਫ਼ ਦੇ ਪੱਲੇ,
ਖ਼ਾਲੀ ਹਰਦਮ ਉੱਚੇ ਰਹਿੰਦੇ ਭਰੇ ਹੋਏ ਝੁਕਦੇ ਨੇ ਥੱਲੇ ।

ਪਰੇਮ ਪਰੁੰਨੀਆਂ ਸਾਗਰ ਲਹਿਰਾਂ ਅੰਬਰਾਂ ਦੇ ਵਿਚ ਦੇਖ ਕੇ ਸਾਜਨ,
ਜੀਵਨ ਪੂੰਜੀ ਭੇਟਾ ਲੈ ਲੈ ਪੀਆ ਮਿਲਨ ਨੂੰ ਉਠ ਉਠ ਜਾਵਣ ।

ਰੂਪ ਖ਼ੁਮਾਰੀ ਦੇ ਵਿਚ ਪਾਗਲ ਪਰ ਚੰਦਰਮਾ ਪਿਆਰ ਨਾ ਜਾਣੇ,
ਸਗੋਂ ਬਦਲੀਆਂ ਉਹਲੇ ਹੋ ਹੋ ਤੋੜ ਦੇਵੇ ਉਮੀਦ ਦੇ ਤਾਣੇ ।

ਸੋਮੇ ਨੱਦੀਆਂ ਪਰਬਤ ਪਾਲੇ, ਛਾਤੀ ਉੱਤੇ ਖੇਡ ਖਿਡਾ ਕੇ,
ਟੁਰ ਜਾਂਦੇ ਨੇ ਛੱਡ ਕੇ ਉਹ ਭੀ ਜਾਂਦੀ ਵਾਰੀ ਠੋਕਰ ਲਾ ਕੇ ।

ਮਿਲਦੇ ਬਾਹਵਾਂ ਖੋਲ੍ਹ ਕਿਨਾਰੇ  ਨੱਚਦਾ ਆਉਂਦਾ ਵੇਖ ਕੇ ਜਾਨੀ,
ਪਰ ਮੁੜ ਕੇ ਨਾ ਫੇਰਾ ਪਾਉਂਦੇ ਬੇ-ਕਦਰੇ ਪੱਤਣਾਂ ਦੇ ਪਾਣੀ ।

ਜੀਵਨ ਟੇਕ ਤੇ ਕੇਵਲ ਆਸ਼ਾ ਜਿਸ ਨੂੰ ਦੇਖ ਕੇ ਬੁਲਬੁਲ ਜੀਵੇ,
ਹੱਸਦਾ ਜਾਵੇ ਉਹ ਮਤਵਾਲਾ ਬੁਲਬੁਲ ਰੋ ਰੋ ਪਾਗਲ ਥੀਵੇ ।

ਮੇਰੇ ਪਿਆਰ ਨੂੰ ਜਾਣ ਨਾ ਸਕਿਆ ਗਿਣਦੀ ਰਹੀ ਮੈਂ ਜਿਸ ਦੇ ਮਣਕੇ,
ਜਿਸ ਪਿੱਛੇ ਮੈਂ ਬੌਰੀ ਹੋ ਗਈ ਮਾਰੂਥਲ ਵਿਚ ਖੋਜਣ ਬਣ ਕੇ ।

ਸੁਣ ਰੋਗਣ ਦੀਆਂ ਦਰਦ ਪੁਕਾਰਾਂ ਅੰਬਰਾਂ ਚੋਂ ਕੋਈ ਬੋਲਣ ਲੱਗਾ,
ਐਸੇ ਰੋਗ ਦਾ ਰੋਗੀ ਕੋਈ ਦਾਗ਼ ਚਿਰਾਂ ਦੇ ਫੋਲਣ ਲੱਗਾ ।



ਸੱਸੀ ਸਭ ਸੰਸਾਰ ਹੈ ਦੁਖੀਆ ਜਿੰਦੜੀ ਕੋਈ ਸੁਖਾਲੀ ਹੈ ਨਹੀਂ,
ਇਸ ਦੁਨੀਆਂ ਦੀ ਕੋਈ ਛਾਤੀ  ਉਸ ਦੇ ਦਾਗ਼ ਤੋਂ ਖ਼ਾਲੀ ਹੈ ਨਹੀਂ ।

ਬੁਲਬੁਲ ਰੋਂਦੀ ਫੁੱਲ ਵੀ ਰੋਂਦੇ ਐਪਰ ਅੱਖ ਪਛਾਣ ਨਾ ਸਕਦੀ,
ਹੱਸ ਹੱਸ ਰੋਣਾ ਕਿਸ ਨੂੰ ਕਹਿੰਦੇ ਭੇਦ ਇਹ ਬੁਲਬੁਲ ਜਾਣ ਨਾ ਸਕਦੀ ।

ਬੁਲਬੁਲ ਦਾ ਦੁਖ ਫੁੱਲ ਨਾ ਜਾਣਨ ਫੁੱਲਾਂ ਦਾ ਬੁਲਬੁਲ,
ਮਾਲੀ ਦਾ ਦੁੱਖ ਕੋਈ ਨਾ ਜਾਣੇ ਨਾ ਬੁਲਬੁਲ ਨਾ ਫੁੱਲ ।

ਸੁਣ ਸੱਸੀਏ ਮੇਰੀ ਅਪਣੀ ਬੀਤੀ ਕੁਦਰਤ ਦਾ ਮੈਂ ਹਾਂ ਅਭਿਲਾਸ਼ੀ,
ਕਾਦਰ ਮੋਹੇ ਪੁਕਾਰੇ ਦੁਨੀਆਂ ਆਪ ਰਚੀ ਰਚਨਾ ਦਾ ਵਾਸੀ ।

ਇਸ ਕੁਦਰਤ ਦੇ ਖੇਲਣ ਬਦਲੇ ਦੁਨੀਆ ਦਾ ਮੈਂ ਤਾਣਾ ਤਣਿਆ,
ਇਸ ਦੁਨੀਆ ਤੇ ਜੋ ਕੁਝ ਬਣਿਆ ਇਸ ਸਜਨੀ ਦੇ ਕਾਰਨ ਬਣਿਆ ।

ਅੰਬਰਾਂ ਵਿਚ ਸਤ-ਰੰਗੀਆਂ ਪੀਂਘਾਂ ਏਸ ਹੁਸਨ ਨੂੰ ਪਾ ਕੇ ਦਿੱਤੀਆਂ,
ਏਸੇ ਹੀ ਰੂਪੰਤੀ ਬਦਲੇ ਅੰਬਰਾਂ ਵਿਚ ਮੈਂ ਗੁੰਦੀਆਂ ਖਿੱਤੀਆਂ।

ਚੰਨ ਰਿਸ਼ਮਾਂ ਵਿਚ ਰਹੀ ਪਰੋਂਦੀ ਫੁੱਲ ਕਲੀਆਂ ਦੇ ਹੰਝੂ ਚੁਣ ਕੇ,
ਕਦੀ ਕਦੀ ਘੁੰਡ ਚਾ ਬੱਦਲਾਂ ਦਾ ਰਹੀ ਚਮਕਦੀ ਬਿਜਲੀ ਬਣ ਕੇ ।

ਜੜ ਗਗਨਾਂ ਦੇ ਮੋਤੀ ਭਾਵੇਂ ਖਿੱਚ ਦਿੱਤਾ ਨਕਸ਼ਾ ਬਣ-ਠਣ ਦਾ,
ਐਪਰ ਬੇ-ਵਫ਼ਾਈ ਸੱਸੀਏ ਅਤਿ ਸੁੰਦਰ ਸ਼ਿੰਗਾਰ ਹੁਸਨ ਦਾ ।

ਬੌਰਾ ਸਮਝ ਕੇ ਛੱਡ ਗਈ ਮੈਨੂੰ ਫੇਰ ਮਿਲਣ ਦਾ ਲਾਰਾ ਲਾ ਕੇ,
ਜਾ ਪਰਬਤ ਦੀ ਗੋਦੀ ਸੌਂ ਗਈ ਰੰਗ-ਬਰੰਗੇ ਫੁੱਲ ਵਿਛਾ ਕੇ ।

ਵਲ-ਛਲ ਵਲ-ਛਲ ਨਾਚ ਨੱਚ ਪਈ, ਨਦੀ ਕਿਨਾਰੇ ਕਰੇ ਕਲੋਲਾਂ,
ਬਿਰਛਾਂ ਨੂੰ ਗਲਵਕੜੀ ਪਾਵੇ ਕਦੀ ਕਦੀ ਬਣ ਹਰੀਆਂ ਵੇਲਾਂ ।

ਭੁੱਲੇ ਦਿਲ ਨੂੰ ਯਾਦ ਦੱਸਣ ਲਈ ਘੱਲੀ ਪੌਣ ਕਈ ਕਈ ਵਾਰੀ,
ਭੌਰਾ ਬਣ ਬਣ ਰਿਹਾ ਮੈਂ ਘੁੰਮਦਾ ਐਪਰ ਉਸ ਨੇ ਝਾਤ ਨਾ ਮਾਰੀ ।

ਖੋਜ ਖੋਜ ਜਦ ਆਸਾਂ ਮੁਕੀਆਂ ਬੀਤ ਗਈ ਸੁਪਨੇ ਬਣ ਚੱਲੇ,
ਪੁਨਰ ਮਿਲਣ ਆਸ਼ਾ ਛਡ ਬੈਠ ਬਣ ਬੈਰਾਗੀ ਬਿਰਛਾਂ ਥੱਲੇ ।

ਕੀ ਤੱਕਿਆ ਉਹ ਦਰਸ ਪਿਆਸੀ ਪੁਨਰ ਮਿਲਣ ਦੇ ਬੰਨ੍ਹ ਕੇ ਦਾਈਏ,
ਕੂਕ ਕੂਕ ਬੱਦਲਾਂ ਤੋਂ ਪੁੱਛੇ ਪੀਓ ਪੀਓ ਪੀਓ ਕਿਤ ਪਾਈਏ ।

ਹੂਕ ਉੱਠੀ ਇਕ ਮੇਰੇ ਮਨ 'ਚੋਂ ਕਾਹੇ ਰੇ ਬਨ ਖੋਜਨ ਜਾਈ,
ਸਰਬ ਨਿਵਾਸੀ ਸਦਾ ਅਲੇਪਾ ਤੋਂ ਹੀ ਸੰਗ ਸਮਾਈ ।



ਹਰ ਮੰਜ਼ਲ ਰੂਹਾਂ ਦੇ ਮੇਲੇ ਜੀਵਨ ਵਾਟ ਵਿਛੋੜਾ ਬਣਦਾ,
ਇਸ ਜੀਵਨ ਦਿਆਂ ਚੱਕਰਾਂ ਅੰਦਰ ਭੇਦ ਅਨੋਖਾ ਫੇਰ ਮਿਲਣ ਦਾ ।

ਸੱਸੀ ਤੇਰੇ ਫੇਰ ਮਿਲਣ ਦਾ ਇਸ ਦੁਨੀਆਂ ਤੇ ਵੇਲਾ ਹੈ ਨਹੀਂ,
ਇਕ ਤੇਰੇ ਦਿਲ ਬਾਝੋਂ ਸੱਸੀਏ ਪੁੰਨੂੰ ਹੋਰ ਕੋਈ ਤੇਰਾ ਹੈ ਨਹੀਂ ।

ਗੱਲਾਂ ਸੁਣ ਸੁਣ ਸੱਸੀ ਚੱਲੀ ਤੋੜ ਨਿਭਾਉਣ ਅਜ਼ਲ ਦੀਆਂ ਲਾਈਆਂ,
ਹੌਲੀ ਹੌਲੀ ਫਿਰ ਵਾਯੂ 'ਚੋਂ ਦਿਲ ਖਿੱਚਵੀਆਂ ਆਵਾਜ਼ਾਂ ਆਈਆਂ ।

'ਜੋਗੀ' ਨਾਲ ਵਫ਼ਾ ਦੇ ਭਾਵੇਂ ਵਧਦਾ ਫੁਲਦਾ ਪਲਦਾ,
ਐਪਰ ਬੇ-ਵਫ਼ਾਈ ਬਾਝੋਂ ਪਿਆਰ ਕਦੇ ਨਾ ਫਲਦਾ ।

– o –

## ਬੰਗਲਾ ਦੇਸ਼

ਪੂਰਬ ਦੇਸ਼ ਦੀ ਜਾਦੂ ਨਗਰੀ ਗੰਗਾ ਦਾ ਰਮਣੀਕ ਬਸੇਰਾ,
ਬੱਦਲਾਂ ਦੀ ਪਨ-ਘਟ ਦੇ ਕੰਢੇ ਜਿਸ ਭੂਮੀ ਨੇ ਲਾਇਆ ਡੇਰਾ ।

ਜਿਸ ਛਾਤੀ ਤੇ ਨਾਚ ਕਰਨ ਲਈ ਖੋਲ੍ਹ ਕੇ ਲੰਮੀਆਂ ਲੰਮੀਆਂ ਬਾਹਵਾਂ,
ਹੁਗਲੀ ਜਿਹੇ ਦਰਿਆ ਟੁਰ ਪੈਂਦੇ ਛੱਡ ਪਰਬਤ ਦੀਆਂ ਠੰਡੀਆਂ ਛਾਵਾਂ ।

ਜਿਸ ਭੂਮੀ ਦੇ ਬਣ ਬਿਰਛਾਂ ਤੋਂ ਜਾਂ ਵਿਛੜੇ ਰੁੱਤ ਦੁਖੜੇ ਰੋਵਣ,
ਭੁਲ ਜਾਵਣ ਕਿਰਨਾਂ ਅੱਧਵਾਟੇ ਕੂੰਜਾਂ ਵਾਂਗ ਬਦਲੀਆਂ ਰੋਵਣ ।

ਸਾਗਰ ਨੂੰ ਬੁਲ੍ਹੀਆਂ ਨਾਲ ਲਾ ਕੇ ਪੀ ਪੀ ਕੇ ਮਦਹੋਸ਼ ਹਵਾਵਾਂ,
ਜਿਸ ਭੂਮੀ ਤੇ ਕਰਨ ਕਲੋਲਾਂ ਮਸਤਾਨੇ ਬੱਦਲਾਂ ਦੀਆਂ ਛਾਵਾਂ ।

ਉਸ ਭੂਮੀ ਦੇ ਮਹਿਲਾਂ ਦੀ ਅੱਜ ਬਰਬਾਦੀ ਇਕ ਯਾਦ ਹੈ ਬਾਕੀ,
ਸੁੰਨੇ ਅੱਜ ਦਿਸਦੇ ਮੈਖ਼ਾਨੇ ਬੂਹੇ ਖੋਲ੍ਹ ਕੇ ਟੁਰ ਗਏ ਸਾਕੀ ।



ਮੰਦਰਾਂ ਦੇ ਵਿਚ ਧੂੰਆਂ ਹੋਇਆ ਜਲ ਬਲ ਕੇ ਸਭ ਦੀਵੇ ਬਾਤੀ,
ਸੁਲਗ ਸੁਲਗ ਕੇ ਕੋਲੇ ਹੋ ਗਈ ਇਸ ਧਰਤੀ ਦੀ ਕੋਮਲ ਛਾਤੀ ।

ਕਈ ਪਪੀਹੇ ਕੂਕ ਕੂਕ ਕੇ ਟੁਰ ਗਏ ਨੇ ਜਲ ਬਾਝੋਂ ਪਿਆਸੇ,
ਛੱਡ ਗਏ ਨੇ ਮਹਿਕੀ ਫੁਲਵਾੜੀ ਚੋਗ ਬਿਨਾਂ ਕਈ ਪੰਖ ਨਿਰਾਸੇ।

ਮਾਤਾਵਾਂ ਦੀਆਂ ਖੁਰੀਆਂ ਹੱਡੀਆਂ ਇਉਂ ਖਿੰਡੀਆਂ ਨੇ ਖੰਡਰਾਂ ਕੋਲੇ,
ਜਿਉਂ ਮਹਿਮੂਦ ਨੇ ਮੰਦਰ ਢਾਹ ਕੇ ਸੰਗਮਰਮਰ ਦੇ ਟੁਕੜੇ ਰੋਲੇ।

ਖੰਡਰਾਂ ਦੇ ਰੋੜਾਂ ਤੇ ਸੁੱਤੀਆਂ ਦੁਖਿਆਰਾਂ ਦੀਆਂ ਬੋਲਣ ਰਾਖਾਂ,
ਨਾ ਛੇੜੋ ਉਏ ਵਾ ਦੇ ਬੁਲ੍ਹਿਉ ਨਾ ਛੇੜੋ ਇਹ ਠੰਡੀਆਂ ਲਾਟਾਂ!

ਮਾਸੂਮਾਂ ਦੀਆਂ ਚਿੱਟੀਆਂ ਹੱਡੀਆਂ ਇਉਂ ਦਿੰਦੀਆਂ ਸੰਦੇਸ਼ ਕਿਸੇ ਨੂੰ,
ਓ ਜ਼ਾਲਮ ਅਸੀਂ ਕੁਝ ਨਹੀਂ ਮੰਗਦੇ ਨਾ ਭੇਜੀਂ ਪਰਦੇਸ ਕਿਸੇ ਨੂੰ।

ਕਿਤੇ ਕਿਤੇ ਬਿਰਛਾਂ ਦੇ ਥੱਲੇ ਬੀਤ ਗਈ ਦੀ ਯਾਦ ਨੇ ਝੁੱਗੀਆਂ,
ਉਹ ਨਿਰਦੋਸ਼ ਮੁਜਰਮਾਂ ਦੀ ਹੁਣ ਡਰੀ ਹੋਈ ਫ਼ਰਿਆਦ ਨੇ ਝੁੱਗੀਆਂ।

ਕਈ ਜੀਵਨ ਐਸੇ ਨੇ ਰੁਲਦੇ ਜਿੰਨ੍ਹਾਂ ਦੀ ਕੁਲ ਪੂੰਜੀ ਲੀਰਾਂ,
ਮੌਤ ਦਾ ਰਸਤਾ ਭੁਲੀਆਂ ਹੋਈਆਂ ਭਟਕ ਰਹੀਆਂ ਨੇ ਉਹ ਤਕਦੀਰਾਂ।

ਜਾਚਕ ਬਣ ਗਏ ਨੇ ਦਰ ਦਰ ਤੇ ਰੰਗ ਰਲੀਆਂ ਰਾਸਾਂ ਦੇ ਵਾਲੀ,
ਤਰਸ ਰਹੇ ਨੇ ਤਕ ਤਕ ਦਾਤਾ ਜਿਉਂ ਬਾਗਾਂ ਦੇ ਪਿੰਗਲੇ ਮਾਲੀ।

ਲਮਕ ਰਹੀਆਂ ਮਸਤਕ ਤੋਂ ਥੱਲੇ ਪਾਟੀ ਹੋਈ ਪਗੜੀ ਦੀਆਂ ਲੀਰਾਂ,
ਝੂਲਾ ਸਮਝ ਕੇ ਸੌਂ ਚੁੱਕੀਆਂ ਨੇ ਹਾਏ ਮਜ਼ਲੂਮ ਦੀਆਂ ਤਕਦੀਰਾਂ।

ਹੱਥਾਂ ਤੇ ਪੈਰਾਂ ਤੇ ਛਾਲੇ ਇਉਂ ਮਜ਼ਦੂਰ ਦੇ ਫੋਲਣ ਦੁਖੜੇ,
ਤਲੀਆਂ ਘਸ ਘਸ ਰੇਖਾਂ ਮਿੱਟੀਆਂ ਮਿੱਟ ਗਏ ਲੇਖ ਲਿਖੇ ਖ਼ਾਲਕ ਦੇ।

ਸੀਨੇ ਵਿਚ ਵਸਦੇ ਸੂਾਸਾਂ ਨੇ ਲੁਟ ਲਈ ਲਾਜ ਅਣਖ ਇੱਕ ਇੱਕ ਦੀ,
ਇੱਕ ਰੋਟੀ ਦੇ ਟੁਕੜੇ ਬਦਲੇ ਬਾਜ਼ਾਰਾਂ ਵਿਚ ਲੱਜਿਆ ਵਿਕਦੀ।

ਅੰਬਰਾਂ ਦੇ ਬੁਲ੍ਹਿਆਂ ਤੋਂ ਪੁੱਛੇ ਦੁਖਿਆਰਨ ਦੀ ਨਗਨ ਜਵਾਨੀ,
ਬਿੰਦਰਾਬਨ ਦਾ ਬੰਸੀ ਵਾਲਾ ਕਿਉਂ ਨਹੀਂ ਸੁਣਦਾ ਦਰਦ ਕਹਾਣੀ।

ਕਿਉਂ ਭੁੱਲ ਗਈ ਦੁਖੀਆਂ ਦੇ ਦੁਖੜੇ ਬੰਗਲਾ ਦੇਸ਼ ਦੀ ਦੇਵੀ ਕਾਲੀ,
ਦੇਖ ਕੇ ਬੁਝਦੀਆਂ ਜੀਵਨ ਜੋਤਾਂ ਕਿਉਂ ਲੁਕ ਗਈ ਅੱਜ ਜੋਤਾਂ ਵਾਲੀ।

ਕੀ ਪਰਤਾਪ ਦੇ ਨੇਜ਼ੇ ਖੁੰਢੇ ਜਾਂ ਸੰਗਰਾਮ ਦੇ ਤਰਕਸ਼ ਖ਼ਾਲੀ,
ਕੀ ਸੌਂ ਗਏ ਮੈਸੂਰ ਦੇ ਟੀਪੂ ਜਾਂ ਨਲੂਏ ਦੀ ਤੇਗ਼ ਜੰਗਾਲੀ।



ਕਿਉਂ ਰਾਣੇ ਜਾਂ ਸ਼ੇਰ ਪੰਜਾਬੀ ਲੁਟਦੀ ਲਾਜ ਬਚਾ ਨਹੀਂ ਸਕਦੇ,
ਕਿਉਂ ਸਭਤਾ ਦੇ ਮਸਤਕ ਉੱਤੋਂ ਦਾਗ਼ ਇਹ ਕਾਲਾ ਲਾਹ ਨਹੀਂ ਸਕਦੇ।

ਦੁੱਖ ਸੁਣ ਸੁਣ ਕੇ ਦੁਖਿਆਰਾਂ ਦੇ ਇਉਂ ਸ਼ਾਇਰ ਦੇ ਜਜ਼ਬੇ ਬੋਲੇ,
ਓ ਇਨਸਾਨ ਅਕਲ ਦੇ ਮਾਲਕ ਕਿਉਂ ਬੰਦਿਆਂ ਦੇ ਬੰਦੇ ਗੋਲੇ?

ਕਿਉਂ ਰੋਟੀ ਦੇ ਟੁਕੜੇ ਬਦਲੇ ਮਾਨਸ ਦੇ ਪੁੱਤ ਫੋਲਣ ਰੂੜੀ,
ਕਿਉਂ ਬੰਦੇ ਮਸਤਕ ਨੂੰ ਮਲਦੇ ਬੰਦਿਆਂ ਦੇ ਪੈਰਾਂ ਦੀ ਧੂੜੀ?

ਸੁਣ ਸ਼ਾਇਰ ਦੇ ਬਾਗ਼ੀ ਜਜ਼ਬੇ ਮੰਡਲਾਂ 'ਚੋਂ ਆਵਾਜ਼ ਸੀ ਆਈ,
ਦੋਸ਼ ਨਾ ਕਾਹੂੰ ਜੋਗ ਹੈ 'ਜੋਗੀ' ਬੰਧਨ ਦਾ ਜੀਵਨ ਦੁਖਦਾਈ।

– o –

## ਮਿੱਤਰ ਪਿਆਰੇ ਨੂੰ

ਜਾਂ ਪੱਛਮ ਵਿਚ ਦੂਰ ਦੁਰੇਡੇ ਜਾ ਸੂਰਜ ਨੇ ਡੇਰੇ ਲਾਏ,
ਜਾਂ ਪੀ ਬੋਲ ਪਪੀਹਾ ਕੂਕੇ ਪੀਆ ਨੂੰ ਸੰਦੇਸ਼ ਪੁਚਾਏ।

ਦਿਨ ਦੇ ਵਿਛੜੇ ਪੰਖ ਪੰਖੇਰੂ ਚੁੰਝਾਂ ਦੇ ਵਿਚ ਚੁੰਝਾਂ ਪਾ ਕੇ,
ਇਕ ਦੂਜੇ ਨੂੰ ਹੌਲੀ ਹੌਲੀ ਆਪਣੀ ਬੀਤੀ ਦਸਦੇ ਆ ਕੇ।

ਜਾਂ ਵੰਝਲੀ ਦੀ ਮਸਤੀ ਅੰਦਰ ਝੂਮਦੇ ਆਉਂਦੇ ਮਾਹੀ ਪਾਲੀ,
ਜਾਂ ਅੰਬਰਾਂ 'ਚੋਂ ਹੌਲੀ-ਹੌਲੀ ਮਿੱਟ ਜਾਏ ਚਿੰਤਾ ਦੀ ਲਾਲੀ।

ਲਟ-ਪਟ ਪੰਛੀ ਤਿੱਤਰ ਬੋਲੇ ਗੀਤ ਕਿਸੇ ਦਾ ਗਾਉਣ ਬਟੇਰੇ,
ਗਲੀਆਂ ਦੇ ਵਿੱਚ ਫੱਕਰ ਕੂਕੇ ਮੇਲਾ ਰੈਣ, ਵਿਜੋਗ ਸਵੇਰੇ।

ਐਨੇ ਚਿਰ ਨੂੰ ਰਾਤ ਦੀ ਰਾਣੀ ਲੈ ਮਸਤਕ ਤੇ ਚਾਦਰ ਕਾਲੀ,
ਨੱਚਦੀ ਨੱਚਦੀ ਆ ਗਈ ਰੱਖ ਕੇ (ਹ)ਥੇਲੀ ਤੇ ਗਗਨਸ਼ਤਰ ਥਾਲੀ।



ਨੈਣ ਜਿਹੇ ਇਕ ਚੰਨ ਦੁਆਲੇ ਅੰਬਰਾਂ ਵਿੱਚ ਇਉਂ ਚਮਕੇ ਤਾਰੇ,
ਜਿਉਂ ਜੋਗਣ ਦੀਆਂ ਜ਼ੁਲਫ਼ਾਂ ਅੰਦਰ ਬੇ-ਬਸ ਜੁਗਨੂੰ ਦਮਕਾਂ ਮਾਰੇ।

—੨—

ਉਸ ਵੇਲੇ ਇਕ ਬੰਦ ਕਿਲੇ ਵਿਚ ਦਾਤਾ ਤੇ ਦਾਤਾ ਦੇ ਪਿਆਰੇ,
ਆਪ ਲਿਖੀ ਤਕਦੀਰ ਦੇ ਲੇਖੇ ਹੱਸ ਹੱਸ ਦਿੰਦੇ ਜਾਂਦੇ ਸਾਰੇ।

ਗੁੱਸੇ ਵਿਚ ਸਿੰਘਾਂ ਦੀਆਂ ਪਲਕਾਂ ਆਰੇ ਵਾਂਗੂੰ ਘੁੰਮ ਰਹੀਆਂ ਸਨ,
ਤੇਗ਼ ਵਰਗੀਆਂ ਕੁੰਡੀਆਂ ਮੁੱਛਾਂ ਸ਼ੇਰਾਂ ਦਾ ਮੂੰਹ ਚੁੰਮ ਰਹੀਆਂ ਸਨ।

ਫਰਕ ਰਹੇ ਸਨ ਥੱਕੇ ਡੌਲ੍ਹੇ ਨਾਅਰੇ ਸੁਣ ਸੁਣ ਵੈਰੀ ਦਲ ਦੇ,
ਆਉਣ ਵਾਲੀ ਤਕਦੀਰ ਦੇ ਨਕਸ਼ੇ ਲੰਘਦੇ ਜਿਉਂ ਪਰਛਾਵੇਂ ਢਲਦੇ।

ਰਾਤ ਸਮੇਂ ਜਦ ਵੈਰੀ ਦਲ ਨੇ ਹੱਲੇ ਉੱਤੇ ਬੋਲੇ ਹੱਲੇ,
ਥੱਕੇ ਟੁੱਟੇ ਸਿੰਘਾਂ ਦੇ ਫਿਰ ਆਸਾਂ ਨੇ ਛੱਡ ਦਿੱਤੇ ਪੱਲੇ।

ਸਿੰਘਾਂ ਨੇ ਫਿਰ ਗੱਲ ਵਿਚਾਰੀ ਕਿ ਦੁਸ਼ਮਣ ਦੀ ਫ਼ੌਜ ਹੈ ਭਾਰੀ,
ਕਲਗ਼ੀਧਰ ਨੂੰ ਕਿਵੇਂ ਬਚਾ ਕੇ ਕੁੱਦ ਪਵੋ ਸਭ ਵਾਰੀ ਵਾਰੀ।

–੩–

ਕਲਗ਼ੀਧਰ ਦੇ ਚਾਰ ਚੁਫੇਰੇ ਇਉਂ ਖੜ ਗਏ ਜਾਂ ਪੰਜ ਪਿਆਰੇ,
ਜਿਉਂ ਪੁੰਨਿਆ ਦੇ ਚੰਨ ਦੁਆਲੇ ਕਿਧਰੇ ਕਿਧਰੇ ਚਮਕਣ ਤਾਰੇ।

ਪਾ ਪੱਲੂ ਅਰਦਾਸ ਗੁਜ਼ਾਰਨ ਸੁਣੋ ਬੇਨਤੀ ਠਾਕੁਰ ਮੇਰੇ,
ਰੁੜ੍ਹਦੀ ਹਿੰਦ ਜੇ ਰੱਖਣੀ ਚਾਹਵੋ ਨਿਕੱਲ ਜਾਵੋ ਨ੍ਹੇਰੇ ਨ੍ਹੇਰੇ।

ਕਈ ਦੁਖਿਆਰੇ ਕਰਮਾਂ ਮਾਰੇ ਰੋ ਰੋ ਥੋਨੂੰ ਯਾਦ ਨੇ ਕਰਦੇ,
ਜਾਉ ਪਿਤਾ ਜੀ ਅੱਖੀਂ ਤੱਕ ਲਉ ਫੁੱਲ ਕਿਵੇਂ ਫ਼ਰਿਆਦ ਨੇ ਕਰਦੇ।

ਸਾਡੇ ਵਰਗੇ ਹੋਰ ਬਹੁਤੇਰੇ ਆਪ ਜਿਹਾ ਪਰ ਇੱਕ ਨਾ ਆਉਣਾ,
ਇਸ ਦੁਨੀਆ ਤੇ ਹੋਰ ਕਿਸੇ ਨਾ ਲੱਖਾਂ ਦੇ ਨਾਲ ਇੱਕ ਲੜਾਉਣਾ।

ਐਸਾ ਦਿਸਦਾ ਹੋਰ ਨਾ ਕੋਈ ਪੰਥ ਉੱਤੋਂ ਪਰਵਾਰ ਜੋ ਵਾਰੇ,
ਹਸਦਾ ਹਸਦਾ ਭੇਟਾ ਕਰ ਦਏ ਸਮਝ ਅਮਾਨਤ ਚਾਰ ਦੁਲਾਰੇ।

ਥੋਡੇ ਬਾਝੋਂ ਕੌਣ ਸੁਣੇਗਾ ਦੁਖਿਆਰਾਂ ਦੀ ਦਰਦ ਕਹਾਣੀ,
ਕੌਣ ਕਰੇਗਾ ਜੰਜੂ ਰਖਸ਼ਾ ਜਦ ਅੱਖੀਆਂ 'ਚੋਂ ਸੁਕ ਗਏ ਪਾਣੀ।



ਕੌਣ ਆਏਗਾ ਨੀਲਾ ਫੜ ਕੇ ਮਜ਼ਲੂਮਾਂ ਨੂੰ ਚੁੱਪ ਕਰਾਵਣ,
ਜਾਂ ਹਿੰਦੀਆਂ ਦੀ ਅਣਖ ਦੇ ਡੋਲੇ ਧੁਰ ਗ਼ਜ਼ਨੀ ਨੂੰ ਰੋਂਦੇ ਜਾਵਣ।

–੪–

ਇਸ ਧਰਤੀ ਤੇ ਫੇਰ ਨਾ ਮਿਲਸੀ ਐਸੀ ਮਾਂ ਜੋ ਹਸਦੀ ਹੋਵੇ,
ਜਾਂ ਪੁੱਤਰ ਦੇ ਟੋਟੇ ਟੋਟੇ ਗਲ ਵਿਚ ਲਟਕਣ ਹਾਰ ਬਣੇ ਹੋਏ।

ਅੱਖੀਂ ਦੇਖ ਕੇ ਸਭ ਕੁਝ ਮਾਈਆਂ ਸਬਰ ਸਬੂਰੀ ਨਾਲ ਖਲੋਵਣ,
ਜਾਂ ਦੁੱਧ ਚੁੰਘਦੇ ਲਾਡ ਦੁਲਾਰੇ ਨੇਜ਼ੇ ਉੱਤੇ ਟੰਗੇ ਹੋਵਣ।

ਹੇ ਦਾਤਾ ਜੀ ਥੋਡੇ ਬਾਝੋਂ ਕੀਹਨੇ ਐਸਾ ਸਬਕ ਪੜ੍ਹਾਣਾ,
ਸਿਰ ਦੇ ਉੱਤੇ ਆਰਾ ਚੱਲੇ ਫਿਰ ਵੀ ਮਿੱਠਾ ਲੱਗੇ ਭਾਣਾ।

ਬੰਦ ਬੰਦ ਕਟਿਆ ਜਾਂਦਾ ਹੋਵੇ ਜਾਂ ਖੋਪਰ ਤੇ ਫਿਰੇ ਕਟਾਰੀ,
ਜਾਂ ਚਰਖੀ ਤੇ ਸੌਂ ਜਾਏ ਕੋਈ ਐਨੀ ਚੜ੍ਹ ਜਾਏ ਨਾਮ ਖ਼ੁਮਾਰੀ।

ਪਰ ਸਤਿਗੁਰ ਜੀ ਥੋਡੇ ਬਾਝੋਂ ਸਾਥੋਂ ਕੁਝ ਭੀ ਹੋ ਨਹੀਂ ਸਕਣਾ,
ਦੁਖੀਆਂ ਰਖਸ਼ਾ ਕੀ ਕਰਨੀ ਸੀ ਮਜ਼ਲੂਮਾਂ ਨੇ ਰੋ ਨਹੀਂ ਸਕਣਾ।

–੫–

ਸੁਣ ਕੇ ਗਲ ਦਸ਼ਮੇਸ਼ ਜੀ ਉੱਠੇ ਕਹਿਣ ਲਗੇ ਕਿਉਂ ਡੋਲ ਰਹੇ ਹੋ,
ਸਿੰਘੋ ਮੈਨੂੰ ਸਮਝ ਨਾ ਆਉਂਦੀ ਅੱਜ ਤੁਸੀਂ ਕੀ ਬੋਲ ਰਹੇ ਹੋ।

ਸਿੰਘੋ ਜੇਹੜੀ ਚੀਜ਼ ਦੇ ਬਦਲੇ ਪੁੱਤਰ ਨੂੰ ਨਾ ਦਿੱਤਾ ਪਾਣੀ,
ਜਿਸ ਸਿਖਸ਼ਾ ਦੀ ਖ਼ਾਤਰ ਮੇਰਾ ਜੀਵਨ ਬਣਿਆ ਦਰਦ ਕਹਾਣੀ।

ਦੱਸੋ ਕੀਕਰ ਚੀਜ਼ ਮੈਂ ਐਸੀ ਮਿੱਟੀ ਦੇ ਵਿਚ ਰੋਲ ਸਕਾਂਗਾ,
ਛੱਡ ਮੈਦਾਨ ਮੈਂ ਦੁਨੀਆਂ ਸਾਵ੍ਹੇਂ ਅੱਖਾਂ ਚਾ ਨਹੀਂ ਬੋਲ ਸਕਾਂਗਾ।

ਸੌਂ ਜਾਵੋ ਬੇਫ਼ਿਕਰੀ ਅੰਦਰ ਪਹਿਰੇ ਤੇ ਮੈਂ ਆਪ ਖੜਾਂਗਾ,
ਦਿਨ ਚੜ੍ਹਸੀ ਤੇ ਤੇਗ ਉਠਾ ਕੇ ਰਣ ਵਿਚ ਜਾ ਕੇ ਆਪ ਲੜਾਂਗਾ।

ਓਦੋਂ ਤਾਈਂ ਜ਼ੁਲਮ ਦੇ ਸਾਹਵੇਂ ਲੜਦਾ ਜਾਸਾਂ ਮੈਂ ਹੱਸ ਹੱਸ ਕੇ,
ਹਰ ਨੇਜ਼ੇ ਦੇ ਮੁਖੜੇ ਉੱਤੇ ਜਦ ਤਕ ਮੇਰਾ ਖ਼ੂਨ ਨਾ ਟਪਕੇ।

ਮੇਰੇ ਦਿਲ ਦੇ ਟੁਕੜੇ ਟੁਕੜੇ ਤੇਗ਼ਾਂ ਦੇ ਨਾਲ ਖੇਲ੍ਹਣ ਹੋਲੀ,
ਤਦ ਜਾ ਕੇ ਇਸ ਦੁਨੀਆਂ ਅੰਦਰ ਜੜ੍ਹ ਜ਼ੁਲਮ ਦੀ ਹੋਵੇ ਪੋਲੀ।



–੬–

ਕੰਬ ਉੱਠੀ ਸਭ ਪੌਣ ਕਿਲ੍ਹੇ ਦੀ ਸੁਣ ਚੋਜੀ ਦੇ ਬੋਲ ਕਰਾਰੇ,
ਅਣ–ਹੋਣਾ ਇਹ ਦੇਖ ਨਜ਼ਾਰਾ ਅੰਬਰਾਂ ਦੇ ਵਿਚ ਕੰਬੇ ਤਾਰੇ।

ਜਦ ਸਿੰਘਾਂ ਦੀ ਚੋਜੀ ਸਾਹਵੇਂ ਹੋਰ ਕੋਈ ਭੀ ਪੇਸ਼ ਨਾ ਚੱਲੇ,
ਕੱਠੇ ਹੋ ਕੇ ਖੜ ਗਏ ਸਾਰੇ ਲਾਹ ਕੇ ਆਪਣੇ ਗਲ 'ਚੋਂ ਪੱਲੇ।

ਕਹਿਣ ਲੱਗੇ ਹੁਣ ਸੁਣੋ ਗੋਬਿੰਦ ਸਿੰਘ ਸੁਣ ਨਹੀਂ ਸਕਦੇ ਕੋਈ ਹਵਾਲਾ,
ਸਾਡਾ ਹੁਕਮ ਹੈ ਏਸ ਕਿਲ੍ਹੇ ਵਿਚ ਰਹਿ ਨਹੀਂ ਸਕਦਾ ਕਲਗ਼ੀ ਵਾਲਾ।

ਕਲਗ਼ੀ ਝਟਪਟ ਨੀਵੀਂ ਹੋ ਗਈ ਢਿੱਲਾ ਹੋਇਆ ਸੀਨਾ ਤਣਿਆ,
ਇਸ ਦੁਨੀਆਂ ਤੇ ਪਹਿਲੀ ਵਾਰੀ ਪੰਥ ਗੁਰੂ ਗੁਰ ਚੇਲਾ ਬਣਿਆ।

ਗਗਨ ਮੰਡਲ ਵਿਚ ਚੰਦਰਮਾ ਨੇ ਝੁਕਿਆ ਦੇਖ ਕੇ ਬਖ਼ਸ਼ਣ–ਹਾਰਾ,
ਬੱਦਲੀ ਉਹਲੇ ਮੂੰਹ ਕੱਜ ਲੀਤਾ ਦੇਖ ਨਾ ਸਕਿਆ ਮੰਜ਼ਰ ਸਾਰਾ।

–੭–

ਟੁਰ ਚਲਿਆ ਛੱਡ ਆਸਾਂ ਸੱਧਰਾਂ ਪ੍ਰੇਮ ਦਾ ਬੰਧਨ ਤੋੜ ਨਾ ਸਕਿਆ,
ਮੋੜ ਦਿੱਤਾ ਤਕਦੀਰ ਦਾ ਕਹਿਣਾ ਕਥਨ ਸਿੰਘਾਂ ਦਾ ਮੋੜ ਨਾ ਸਕਿਆ।

ਨ੍ਹੇਰੀ ਰਾਤ ਤੇ ਚਾਰ ਚੁਫੇਰੇ ਪਹਿਰੇਦਾਰ ਨੇ ਗੇੜੇ ਲਾਂਦੇ,
ਪਰ ਸਤਿਗੁਰ ਜੀ ਸੋਚਾਂ ਅੰਦਰ ਚੁੱਪ ਕੀਤੇ ਨੇ ਟੁਰਦੇ ਜਾਂਦੇ।

ਕਿਵੇਂ ਨਾ ਜਾਂਦੇ ਸਤਿਗੁਰ ਉਥੋਂ ਛਡ ਕੇ ਕਿਲ੍ਹਾ ਤੇ ਝੁਲਦੇ ਝੰਡੇ,
ਚਰਨ ਚੁੰਮਣ ਨੂੰ ਤਰਸ ਰਹੇ ਸਨ ਮਾਛੀਵਾੜੇ ਦੇ ਤਿੱਖੇ ਕੰਡੇ।

ਮਾਛੀਵਾੜੇ ਦੇ ਤਿੱਖੇ ਕੰਡੇ ਬੈਠੇ ਰਾਹ ਵਿਚ ਲਾ ਕੇ ਡੇਰਾ,
ਮੂੰਹ ਚੁੱਕ ਚੁੱਕ ਕੇ ਵੇਖ ਰਹੇ ਸਨ ਕਦ ਪਾਉਂਦੇ ਨੇ ਸਤਿਗੁਰ ਫੇਰਾ।

ਦੇਖੋ ਚੋਜੀ ਪਿਆਰ ਦਾ ਬੱਧਾ ਛਡ ਕੇ ਸਭ ਕੁਝ ਖ਼ੈਰੀਂ ਮੈਰੀਂ,
ਕੰਡਿਆਂ ਨੂੰ ਉਹ ਮਿਲਣ ਦੀ ਖ਼ਾਤਰ ਟੁਰਿਆ ਜਾਂਦਾ ਨੰਗੇ ਪੈਰੀਂ।

ਨੇਰ੍ਹੀ ਰਾਤ ਦੇ ਬਦਲਾਂ ਦਾ ਇਕ ਛਤਰ ਜਿਹਾ ਕਲਗ਼ੀ ਤੇ ਝੁੰਮੇ,
ਕੰਡਿਆਂ ਨੇ ਭੀ ਚਰਨ ਅਮੋਲੇ ਉਸ ਵੇਲੇ ਰੱਜ ਰੱਜ ਕੇ ਚੁੰਮੇ।

ਰਹਿ ਨਾ ਸਕਿਆ ਪਿਆਰ ਦਾ ਜਜ਼ਬਾ ਦੇਖ ਕੇ ਅਚਰਜ ਖੇਲ੍ਹਾਂ ਤਾਈਂ,
ਕਹਿਣ ਲਗਾ ਫਿਰ ਹੌਲੀ ਹੌਲੀ ਜੰਗਲ ਬ੍ਰਿਛ ਤੇ ਬੇਲਾਂ ਤਾਈਂ।

ਯਾਰੜੇ ਦਾ ਸਾਨੂੰ ਸੱਥਰ ਚੰਗੇਰਾ ਭੱਠ ਖੇੜਿਆਂ ਦਾ ਰਹਿਣਾ,
ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।

– o –



# ਬਸ ਰਬਾਬੀ ਠਹਿਰ ਜਾ

–੧–

ਬਸ ਰਬਾਬੀ ਠਹਿਰ ਜਾ ਤੇ ਤੋੜ ਦੇ ਇਥੇ ਸਿਤਾਰ,
ਨਿਕਲ ਨਾ ਜਾਵਣ ਮੇਰੇ ਸੀਨੇ ਚੋਂ ਤਾਨਾਂ ਆਰ ਪਾਰ।

ਨਾ ਸੁਣਾ ਵੇ ਰਾਗੀਆ ਨਾ ਫੇਰ ਨਸ਼ਤਰ ਨਾ ਸੁਣਾ,
ਦਿਲ ਮੇਰਾ ਮਜ਼ਬੂਤ ਨਹੀਂ ਇਤਿਹਾਸ ਦੇ ਪੰਨੇ ਜਿਹਾ।

ਜੇ ਸੁਣਾਂਦਾ ਹੀ ਗਿਆ ਤੂੰ ਇਹ ਪੁਰਾਣੀ ਦਾਸਤਾਨ,
ਡਰ ਹੈ ਮੈਨੂੰ ਸੁੰਨ ਹੋ ਜਾਵੇ ਨਾ ਇਹ ਕੋਮਲ ਜ਼ਬਾਨ।

ਸੁਣ ਲਿਆ ਮੈਂ ਜ਼ੁਲਮ ਨੇ ਬਰਬਾਦੀਆਂ ਜੋ ਕੀਤੀਆਂ,
ਸੁਣ ਲਿਆ ਜੋ ਸਾਡੀਆਂ ਮਜਬੂਰੀਆਂ ਨਾਲ ਬੀਤੀਆਂ।

ਫਿਰ ਰਿਹਾ ਅੱਖੀਆਂ ਦੇ ਸਾਹਵੇਂ ਬੀਤਿਆ ਖ਼ੂੰਨੀ ਸਮਾਂ,
ਜਦ ਬਦਲੀਆਂ ਸਨ ਰੋਂਦੀਆਂ ਤੇ ਮੁਸਕਰਾਵਣ ਬਿਜਲੀਆਂ।

–੨–

ਯਾਦ ਆ ਗਈ ਫੇਰ ਉਹ ਸਰਹੰਦ ਦੀ ਖ਼ੂਨੀ ਦੀਵਾਰ,
ਸਾਹਮਣੇ ਦਿਸਦੇ ਖੜੇ ਮਾਸੂਮ ਤਲੀਆਂ ਤੇ ਮੀਨਾਰ।

ਯਾਦ ਸਾਹਵੇਂ ਜਲ ਰਹੀ ਤਸਵੀਰ ਹੈ ਇਕ ਪਿਆਰ ਦੀ,
ਤਕਦੀਰ ਨੂੰ ਲਾ ਤੀਲੀਆਂ ਤਦਬੀਰ ਫੂਕਾਂ ਮਾਰਦੀ।

ਨੇਜ਼ਿਆਂ ਦੀ ਨੋਕ ਤੇ ਮਾਸੂਮ ਤਰਦੇ ਤਾਰੀਆਂ,
ਪਰਖ ਨੇ ਰਹੀਆਂ ਕਿਸੇ ਦਾ ਜਿਗਰ ਖ਼ੂਨੀ ਆਰੀਆਂ।

–੩–

ਤਕ ਰਹੀਆਂ ਮਜਬੂਰ ਨਜ਼ਰਾਂ ਝੋਲੀਆਂ ਵਿਚ ਪਿਆਰ ਨੇ,
ਜਿਗਰ ਦੇ ਟੋਟੇ ਬਣੇ ਮਾਤਾ ਦੇ ਗਲ ਦਾ ਹਾਰ ਨੇ।

ਸੁਣ ਲਿਆ ਮੈਂ ਕਿਸ ਤਰ੍ਹਾਂ ਛੁਰੀਆਂ ਮਨਾਈਆਂ ਹੋਲੀਆਂ,
ਕਿਸ ਤਰ੍ਹਾਂ ਨਿਰਦੋਸ਼ ਤੋਂ ਨਜ਼ਰਾਂ ਕਟਾਰਾਂ ਖੋਹ ਲਈਆਂ।

ਕਿਸ ਤਰ੍ਹਾਂ ਪਾ ਬੇ–ਬਸੀ ਨੂੰ ਵਸ ਕਿਸੇ ਤਲਵਾਰ ਦੇ,
ਉੱਠ ਗਿਆ ਇਨਸਾਫ਼ ਹੈ ਗੁੱਝੀ ਉਡਾਰੀ ਮਾਰ ਕੇ।



ਹੋਲੀਆਂ ਖੇਲੇ ਸਿਦਕ ਬਹਿ ਜ਼ੁਲਮ ਦੀ ਤਲਵਾਰ ਤੇ,
ਬੋਟੀਆਂ ਨੇ ਨਾਚ ਕੀਤੇ ਖ਼ੰਜਰਾਂ ਦੀ ਧਾਰ ਤੇ।

–੪–

ਤੂੰਬੇ ਤੂੰਬੇ ਹੋ ਗਈ ਜ਼ਿੰਦੜੀ ਕਿਸੇ ਵਰਿਆਮ ਦੀ,
ਲਾਹ ਨਾ ਸਕਿਆ ਪਰ ਕੋਈ ਸੁੱਚੀ ਖ਼ੁਮਾਰੀ ਨਾਮ ਦੀ।

ਧੁਰ ਮਿਲਣ ਨੂੰ ਐਂਸੀਆਂ ਕੋਈ ਖ਼ੂਨ 'ਨਾ ਪਾਉਂਦਾ ਰਿਹਾ,
ਪੁਰਜ਼ੇ ਪੁਰਜ਼ੇ ਹੋ ਗਿਆ ਪਰ ਸੁਖਮਨੀ ਗਾਉਂਦਾ ਰਿਹਾ।

ਚਰਖੀਆਂ ਦੇ ਦੰਦਿਆਂ 'ਚੋਂ ਆ ਰਹੀ ਹੈ ਇਉਂ ਅਵਾਜ਼,
ਈਦਾਂ ਮਨਾ ਲਉ ਜ਼ਾਲਮੋ! ਆ ਚੰਨ ਚੜ੍ਹਿਆ ਹੈ ਸ਼ਬਾਜ਼।

ਦਸ ਰਹੀ ਹੈ ਰਾਖ ਇਉਂ ਇਕ ਜੰਡ ਦੀ ਛਾਵੇਂ ਪਈ,
ਇਸ ਜਗ੍ਹਾ ਪ੍ਰਹਿਲਾਦ ਦੀ ਸਾਖੀ ਦੁਹਰਾਈ ਸੀ ਗਈ।

ਹੱਡੀਆਂ ਦੇ ਕਹਿ ਰਹੇ ਨੇ ਖ਼ਾਨਕਾਹਾਂ ਦੇ ਮੀਨਾਰ,
ਸਿਦਕ ਉੱਚਾ ਹੀ ਰਹੇਗਾ ਜ਼ੁਲਮ ਨਿੰਵਸੀ ਬਾਰ ਬਾਰ।

–੫–

ਇੱਕ ਤਰਫ਼ ਟੁੱਟੀਆਂ ਕਟਾਰਾਂ ਕਹਿ ਰਹੀਆਂ ਉੱਚੀ ਪੁਕਾਰ,
ਮਿੱਟ ਨਹੀਂ ਸਕਦੇ ਪਤੰਗੇ ਸ਼ਮਾਂ ਜੱਲੇ ਲਖ ਵਾਰ।

ਕਹਿ ਰਹੀ ਹੈ ਸੁਰਤ ਨੂੰ ਇੱਕ ਧੁਨ ਜਿਹੀ ਅਸਮਾਨ ਤੋਂ,
ਪਾਂਧੀਆ ਜੀਵਨ ਲੁਟਾ ਦੇ ਕੋਟ ਇਕ ਸ਼ਮਸ਼ਾਨ ਤੋਂ।

ਬੱਸ ਰਬਾਬੀ ਠਹਿਰ ਜਾ ਤੇ ਹੋਰ ਨਾ ਅੱਗੇ ਸੁਣਾ,
ਪਰਖ ਲਏ ਅੱਗੇ ਹਜ਼ਾਰਾਂ ਨਾ ਮੇਰਾ ਦਿਲ ਆਜ਼ਮਾ।

ਹੈ ਕਿਸੇ 'ਜੋਗੀ' ਦੇ ਦਿਲ ਵਿਚ ਇਕ ਜੁਆਲਾ ਜਲ ਰਹੀ,
ਜੇ ਕਦੀ ਆਇਆ ਸਮਾਂ ਪੂਰੀ ਕਰਾਂਗੇ ਆਰਤੀ।

ਬਸ ਰਬਾਬੀ ਠਹਿਰ ਜਾ ਤੇ ਤੋੜ ਦੇ ਐਥੇ ਸਿਤਾਰ,
ਨਿਕਲ ਨਾ ਜਾਵਣ ਮੇਰੇ ਸੀਨੇ ਚੋਂ ਤਾਨਾਂ ਆਰ ਪਾਰ।

– o –



## ਸਦੀਵੀ ਸਿਹਰਾ

ਨਾ ਫੁੱਲਾਂ ਦੀ ਛਾਤੀ ਵਿੰਨ੍ਹੀ, ਨਾ ਕਲੀਆਂ ਦਾ ਲੁਟਿਆ ਡੇਰਾ,
ਨਜ਼ਰਾਂ ਨੇ ਨਜ਼ਰਾਂ ਨਾਲ ਮਿਲਕੇ ਆਪੇ ਗੁੰਦ ਲਿਆ ਹੈ ਸਿਹਰਾ ।

ਦਰਿਆਵਾਂ ਨੂੰ ਦਰਿਆ ਮਿਲਦੇ ਖੋਲ੍ਹਕੇ ਲੰਮੀਆਂ ਬਾਹਵਾਂ,
ਸਾਗਰ ਨੂੰ ਜਾ ਮਿਲਦੇ ਸੋਮੇ ਛਡ ਪਰਬਤ ਦੀਆਂ ਠੰਡੀਆਂ ਛਾਵਾਂ ।

ਬੁਲ੍ਹਿਆਂ ਨੂੰ ਜਾ ਮਿਲਣ ਹਵਾਵਾਂ ਸੌ ਅੰਬਰਾਂ ਦੇ ਉਹਲੇ,
ਪਰਦੇਸਾਂ ਤੋਂ ਆ ਚੁੰਮਦੇ ਨੇ ਬੁਲ੍ਹੀਆਂ ਸਾਜਨ ਸੋਹਲੇ ।

ਲਗ਼ਰਾਂ ਦੇ ਗਲ ਹਰੀਆਂ ਵੇਲਾਂ ਮਿਲੀਆਂ ਜੱਫੀਆਂ ਪਾ ਕੇ,
ਕਿਰਨਾਂ ਨੂੰ ਮਿਲਣੇ ਪਰਛਾਵੇਂ ਆਪਣਾ ਆਪ ਮਿਟਾ ਕੇ ।

ਚੰਨ ਰਿਸ਼ਮਾਂ ਨੂੰ ਸਾਗਰ ਲਹਿਰਾਂ ਤੇ ਪੱਤਣਾਂ ਨੂੰ ਪਾਣੀ,
ਇਸ ਦੁਨੀਆਂ ਤੇ ਉੱਡ ਉੱਡ ਮਿਲਦੇ ਇਕ ਦੂਜੇ ਨੂੰ ਜਾਨੀ ।

ਅਜ਼ਲਾਂ ਤੋਂ ਵਿਛੜੇ ਹੋਏ ਸਾਥੀ ਅੱਜ ਸਿਹਰੇ ਆਣ ਮਿਲਾਏ,
ਆਸ਼ਾਵਾਂ ਨੇ ਮੰਗਲ ਗਾਇਆ ਖ਼ੁਸ਼ੀਆਂ ਰਾਗ ਅਲਾਏ ।


ਭੈਣਾਂ ਦੇ ਹਸਦੇ ਨੇ ਸੁਪਨੇ ਸਿਹਰੇ ਲੜੀਆਂ ਉਹਲੇ,
ਮਾਤਾ ਦੀ ਪੁੰਗਰੀ ਅੱਜ ਲੋਰੀ ਤਕ ਤਕ ਨਵੇਂ ਪਟੋਲੇ ।

ਨੱਚ ਪਏ ਵੀਰਾਂ ਦੇ ਰੋਸੇ ਨੱਚਿਆ ਭਾਬੋ ਝੇੜਾ,
ਇਸ ਝਾਂਜਰ ਦੀ ਛਣਕ ਨਿਰਾਲੀ ਨੱਚਿਆ ਸਾਰਾ ਵਿਹੜਾ ।

ਨੱਚਦਾ ਜਾਂਦਾ ਵੇਖ ਕਾਫ਼ਲਾ ਫ਼ਿਕਰ ਪਿਤਾ ਦੇ ਹੱਸਦੇ,
ਸੋਹਣੀ ਹੈ ਮੰਜ਼ਲ ਇਹ ਸਿਹਰਾ ਚਾਅ ਮਿੱਤਰਾਂ ਦੇ ਦੱਸਦੇ ।

ਨ੍ਹੇਰੀ ਪਰ ਦੁਨੀਆਂ ਲਈ 'ਜੋਗੀ' ਤਾਂ ਸੋਂਹਦਾ ਇਹ ਸੁੰਦਰ ਸਿਹਰਾ,
ਜੇ ਸ਼ਹੁਵੰਤ ਉਸ਼ਾ ਬਣ ਜਾਵੇ ਬਣ ਜਾਵੇ ਸ਼ਹੁ ਆਪ ਸਵੇਰਾ ।

– o –





# ਦੋ ਸਮਕਾਲੀ ਮਿੱਤਰਾਂ ਦੀ ਕਲਮ ਤੋਂ

## (i)

ਕਵਿਤਾ, ਸੰਗੀਤ, ਤੇ ਫ਼ਲਸਫ਼ਾ ਜੀਵਨ ਦੇ ਸ਼ਿੰਗਾਰ ਹਨ ਅਤੇ ਗ਼ਜ਼ਲ ਕਵਿਤਾ ਦੀ ਜਿੰਦ ਹੈ । ਪੰਜਾਬੀ ਗ਼ਜ਼ਲ ਵਿਚ ਮੇਵਾ ਸਿੰਘ ਗਿੱਲ ਨੂੰ ਇਕ ਵਿਸ਼ੇਸ਼ਤਾ ਪ੍ਰਾਪਤ ਹੈ । ਉਰਦੂ ਜ਼ਬਾਨ ਦੇ ਉੱਚ ਗ਼ਜ਼ਲ ਕਰਤਾ ਅਖ਼ਤਰ ਸ਼ੀਰਾਨੀ, ਮੌਲਾਨਾ ਤਾਜਵਰ, ਪੰਡਤ ਹਰੀਚੰਦ ਅਖ਼ਤਰ ਦੀ ਕਤਾਰ ਵਿਚ ਹੀ ਗਿੱਲ ਨੂੰ ਖੜ੍ਹਿਆ ਵੇਖਦਾ ਹਾਂ । ਮੈਂ ਮਹਾਨ ਕਵੀ ਪੰਡਤ ਮੇਲਾ ਰਾਮ ਵਫ਼ਾ, ਨੂੰ ਗਿੱਲ ਦੀਆਂ ਗ਼ਜ਼ਲਾਂ ਸੁਣ ਕੇ ਕਈ ਵਾਰ ਝੂੰਮਦੇ ਤੱਕਿਆ ਹੈ। ਸ਼ਬਦਾਂ ਦੀ ਢੁੱਕਵੀਂ ਚੋਣ ਅਤੇ ਇਸ ਤੇ ਫ਼ਲਸਫ਼ੇ ਦਾ ਰੰਗ ਮੇਵਾ ਸਿੰਘ ਗਿੱਲ ਦੀ ਵਿਸ਼ੇਸ਼ਤਾ ਹੈ । ਗਿੱਲ ਸਦਾ ਹੀ (the word) 'ਦੀ ਵਰਡ' ਲਿਖਦਾ ਹੈ, (a word) 'ਏ ਵਰਡ' ਨਹੀਂ ਲਿਖਦਾ। ਇਸ ਦ੍ਰਿਸ਼ਟੀਕੋਣ ਤੋਂ ਮੈਂ ਪੰਡਤ ਹਰੀ ਚੰਦ ਅਖ਼ਤਰ ਦੀ ਰਚਨਾ 'ਕੁਫ਼ਰ–ਓ–ਈਮਾਨ' ਅਤੇ ਗਿੱਲ ਦੀਆਂ 'ਠੰਡੀਆਂ ਲਾਟਾਂ' ਇਕ ਦੂਜੇ ਤੇ ਤੁੱਲ ਸਮਝਦਾ ਹਾਂ ।

ਫ਼ਰਵਰੀ 1971 **–ਡਾ. ਬਚਨ ਸਿੰਘ ਗਰੇਵਾਲ**

(ii)

**ਮੇਵਾ ਸਿੰਘ ਗਿੱਲ** ਮੇਰਾ ਨਿਕਟਵਰਤੀ ਹੈ। ਉਸ ਦਾ ਤਖ਼ੱਲਸ 'ਜੋਗੀ' ਕਿਸੇ ਨਾਂ ਦਾ ਅੱਧਾ ਹਿੱਸਾ ਹੈ । ਕਵੀ ਨਾਲੋਂ ਰਾਜਨੀਤਕ ਦੁਨੀਆਂ ਵਿਚ ਲੋਕ ਉਸ ਨੂੰ ਵਧੇਰੇ ਜਾਣਦੇ ਹਨ । ਕਈ ਮਿੱਤਰਾਂ ਨੂੰ ਸੁਣ ਕੇ ਹੈਰਾਨੀ ਹੁੰਦੀ ਹੈ ਕਿ ਗਿੱਲ ਕਵੀ ਵੀ ਹੈ । ਕਵਿਤਾ ਬਹੁਤ ਘਟ ਲਿਖਦਾ ਹੈ, ਪਰ ਸੁਥਰੀ ਲਿਖਦਾ ਹੈ । ਪੰਜਾਬੀ ਗ਼ਜ਼ਲ ਨੂੰ ਉਸ ਨੇ ਉਰਦੂ ਗ਼ਜ਼ਲ ਦੀ ਪੱਧਰ ਤੇ ਲਿਆ ਕੇ ਖੜ੍ਹਾ ਕੀਤਾ ਹੈ । ਉਸ ਦੀਆਂ ਗ਼ਜ਼ਲਾਂ ਵਿਚ ਜੀਵਨ ਦੇ ਫ਼ਿਕਰ, ਗ਼ਮ, ਇਸ਼ਕ ਦੀਆਂ ਕਹਾਣੀਆਂ ਤੋਂ ਇਲਾਵਾ ਸੂਫ਼ੀਆਨਾ ਫ਼ਲਸਫ਼ਾ ਵੀ ਨਜ਼ਰ ਆਉਂਦਾ ਹੈ । ਉਸ ਦੀ ਕਵਿਤਾ ਵਿਚ ਸਮਾਜਕ ਅਤੇ ਆਰਥਕ ਨਾ-ਬਰਾਬਰੀ ਦੇ ਵਿਰੁੱਧ ਇੱਕ ਬਗ਼ਾਵਤ ਨਜ਼ਰ ਆਉਂਦੀ ਹੈ । ਧਾਰਮਕ ਅਤੇ ਇਤਿਹਾਸਕ ਵਿਸ਼ਿਆਂ ਵਿਚ ਭੀ ਪੁਰਾਣੀਆਂ ਜ਼ੰਜੀਰਾਂ ਤੋੜ ਦੇਣ ਲਈ ਉਤਾਵਲੀ ਮਨੁਖੱਤਾ ਦੇ ਦਰਿਸ਼ ਹਨ। ਇਕ ਪਾਸੇ ਸ਼ਰਮਾ ਕੇ ਡਿਗਦੀ ਹੋਈ ਨਜ਼ਰ, ਹੰਝੂਆਂ ਦੇ ਹਾਸੇ, ਲਟਦੇ ਹਨੇਰੇ, ਅੰਤ ਨੂੰ ਸੱਦੇ ਤੇ ਪੀੜਾਂ ਦੀਆਂ ਮਿਹਰਾਂ ਦੇ ਰੰਗ ਨੇ ਅਤੇ ਦੂਜੇ ਪਾਸੇ ਇਸ਼ਕ ਦਾ ਗ਼ਰੂਰ, ਜ਼ਿੰਦਗੀ ਤੇ ਸਾਥ ਦੇਣ ਦਾ ਇਹਸਾਨ, ਆਪਾ-ਮਿਲਣ ਦੀ ਲੋਚ, ਮਿਹਰ ਤੋਂ ਉਚੇਰੇ ਮਿਲਾਪ ਤੋਂ ਅਗੇਰੇ ਪੰਧ ਦੇ ਸੂਫ਼ੀਆਨਾ ਵਲਵਲੇ ਹਨ। 'ਜੋਗੀ' ਦੇ ਅਛੂਤੇ ਖ਼ਿਆਲ, 'ਠੰਡੀਆਂ ਲਾਟਾਂ' ਦੇ ਰੂਪ ਵਿਚ ਇਕ ਸਫਲ ਰਚਨਾ ਹਨ ।

-ਹਰਜੀਤ ਸਿੰਘ ਸੰਧੂ
ਐਡਵੋਕੇਟ, ਲੁਧਿਆਣਾ

ਫ਼ਰਵਰੀ 1971